ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।
ਕਾਲ ਕਰ ਸਕਦੇ ਹੋ 408-687-1899
ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.
To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.


## HOMEOPATHIC NATURAL MEDICINES

**When Tired of All Treatments, For any Disease, at any Age Try Alternative Treatment**

**Safe and Effective Medicines without any Side Effects**



GURDIP S SANDHU




**Consultant/Physician Since 1973**
**DHMS-Gold Medalist, BAMS, MDEH**
**Ex-Prof, Principal & CMO Medical Colleges/Hospitals in India**

(408) 687-1899 (925) 587-1148

**Homeopathic Medicine and Notary Consultancy**
9701 SARA ANN CT DUBLIN, CA 94568

PRACTICE UNDER PROVISION OF ACT SB_577 STATE OF CA

# ਪੰਜਾਬ ਸਿੱਖਿਆ ਕ੍ਰਾਂਤੀ: ਪੇਸ ਵਿੰਟਰ ਕੈਂਪਾਂ ਵਿੱਚ ਸਰਕਾਰੀ ਸਕੂਲਾਂ ਦੇ 1700 ਤੋਂ ਵੱਧ ਵਿਦਿਆਰਥੀਆਂ ਨੂੰ ਆਈ.ਆਈ.ਟੀਜ਼, ਐਨ.ਆਈ.ਟੀਜ਼, ਏਮਜ਼ ਅਤੇ ਮੁਕਾਬਲੇ ਦੀਆਂ ਹੋਰ ਪ੍ਰੀਖਿਆਵਾਂ ਦੀ ਦਿੱਤੀ ਸਿਖਲਾਈ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਇਥੇ ਦੱਸਿਆ ਕਿ ਪੰਜਾਬ ਅਕਾਦਮਿਕ ਕੋਚਿੰਗ ਫਾਰ ਐਕਸੀਲੈਂਸ (ਪੇਸ) ਪ੍ਰੋਗਰਾਮ ਅਧੀਨ ਲਗਾਏ ਗਏ ਵਿੰਟਰ ਰੈਜ਼ੀਡੈਂਸ਼ੀਅਲ ਕੋਚਿੰਗ ਕੈਂਪਾਂ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੇ ਉੱਚ ਗੁਣਵੱਤਾ ਵਾਲੀ ਸਿਖਲਾਈ ਹਾਸਲ ਕੀਤੀ ਹੈ। 1700 ਤੋਂ ਵੱਧ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਦਾ ਲਾਭ ਉਠਾਇਆ ਜਿਸ ਨੂੰ ਅਜਿਹੇ ਢੰਗ ਨਾਲ ਤਿਆਰ ਕੀਤਾ ਗਿਆ ਹੈ ਕਿ ਹਰ ਵਿਦਿਆਰਥੀ ਦੀ ਪਹੁੰਚ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਉੱਚ-ਮਿਆਰੀ ਕੋਚਿੰਗ ਤੱਕ ਯਕੀਨੀ ਬਣਾਈ ਜਾ ਸਕੇ।

ਬੈਂਸ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਭਾਰਤ ਦੀਆਂ ਚੋਟੀ ਦੀਆਂ ਪੇਸ਼ੇਵਰ ਸਿੱਖਿਆ ਸੰਸਥਾਵਾਂ ਜਿਵੇਂ ਆਈਆਈਟੀ, ਐਨਆਈਟੀ ਅਤੇ ਏਮਜ਼ ਲਈ ਤਿਆਰ ਕਰਨ ਦੇ ਉਦੇਸ਼ ਨਾਲ ਉਲੀਕੇ ਗਏ ਇਨ੍ਹਾਂ ਕੈਂਪਾਂ ਨਾਲ ਸਬੰਧਤ ਤਿੰਨ ਕੇਂਦਰਾਂ ਵਿੱਚ 1728 ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਵਿੱਚ ਬਠਿੰਡਾ 'ਚ 601 ਵਿਦਿਆਰਥੀਆਂ (359 ਲੜਕੀਆਂ, 242 ਲੜਕਿਆਂ), ਲੁਧਿਆਣਾ 'ਚ 573 ਵਿਦਿਆਰਥੀਆਂ (327 ਲੜਕੀਆਂ, 246 ਲੜਕਿਆਂ) ਅਤੇ ਐਸ.ਏ.ਐਸ. ਨਗਰ (ਮੋਹਾਲੀ) ਵਿੱਚ 554 ਵਿਦਿਆਰਥੀਆਂ (367 ਲੜਕੀਆਂ, 187 ਲੜਕਿਆਂ) ਨੇ ਸਿਖਲਾਈ ਹਾਸਲ ਕੀਤੀ।

ਉਨ੍ਹਾਂ ਕਿਹਾ ਕਿ ਇਹ ਪਹਿਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸਮਾਜਿਕ-ਆਰਥਿਕ ਪਿਛੋਕੜ ਨੂੰ ਵਿਚਾਰੇ ਬਿਨਾਂ ਸਾਰੇ ਵਰਗਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਈ-ਲਿਖਾਈ ਅਤੇ ਕਰੀਅਰ ਸੇਧ ਆਦਿ ਲਈ ਬਰਾਬਰ ਦੇ ਮੌਕੇ ਮੁਹੱਈਆ ਕਰਵਾਉਣ ਦੀ ਦ੍ਰਿੜ੍ਹ ਵਚਨਬੱਧਤਾ ਦਾ ਸਬੂਤ ਹੈ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ, "ਪੇਸ ਵਿੰਟਰ ਕੈਂਪਾਂ ਨੂੰ ਭਰਵਾਂ ਹੁੰਗਾਰਾ ਮਿਲਣਾ ਸਾਡੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਅਥਾਹ ਸਮਰੱਥਾਵਾਂ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲ ਨੌਜਵਾਨਾਂ ਨੂੰ ਸਮਰੱਥ ਬਣਾਉਂਦਿਆਂ ਉਨ੍ਹਾਂ ਵਿੱਚ ਆਤਮਵਿਸ਼ਵਾਸ ਪੈਦਾ ਕਰਦੀ ਹੈ ਅਤੇ ਕਿਸੇ ਵੀ ਪਿਛੋਕੜ ਨੂੰ ਵਿਚਾਰੇ ਬਿਨਾਂ ਯੋਗ ਵਿਦਿਆਰਥੀਆਂ ਨੂੰ ਚੋਟੀ ਦੇ ਅਦਾਰਿਆਂ ਵਿੱਚ ਪੜ੍ਹਨ ਦਾ ਇੱਕ ਨਿਰਪੱਖ ਮੌਕਾ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਇੱਕ ਅਜਿਹਾ ਸਿੱਖਿਆ ਮਾਹੌਲ ਸਿਰਜ ਰਹੇ ਹਾਂ, ਜੋ ਉੱਤਮਤਾ ਅਤੇ ਸਮਾਨਤਾ ਨੂੰ ਤਰਜੀਹ ਦਿੰਦਾ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਸਰਦੀਆਂ ਦੇ ਕੈਂਪ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵਿਆਪਕ ਮੁਹਿੰਮਾਂ ਵਿੱਚੋਂ ਇੱਕ ਸੀ, ਜਿਸ ਵਿੱਚ ਵਿਦਿਆਰਥੀਆਂ ਦੀ ਚੋਣ ਲਈ ਮੁਕਾਬਲੇ ਵਾਲੀ ਪਾਰਦਰਸ਼ੀ ਅਤੇ ਨਿਰਪੱਖ ਪ੍ਰਕਿਰਿਆ ਰੱਖੀ ਗਈ ਅਤੇ ਉਨ੍ਹਾਂ ਨੂੰ ਬਹੁ-ਪੜਾਵੀ ਚੋਣ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਪਿਆ। ਇਸ ਚੋਣ ਪ੍ਰਕਿਰਿਆ ਵਿੱਚ ਮੌਕ



ਟੈਸਟਾਂ, ਕੰਸੈਪਚੁਅਲ ਕਲੈਰਿਟੀ, ਅਕਾਦਮਿਕ ਇਕਸਾਰਤਾ ਅਤੇ ਅਧਿਆਪਕਾਂ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਦਿਆਂ ਯੋਗ ਵਿਦਿਆਰਥੀਆਂ ਦੀ ਚੋਣ ਕੀਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰੋਗਰਾਮ ਸਮੁਚਿਤ ਪਹੁੰਚ ਨੂੰ ਮੁੱਖ ਰੱਖਦਿਆਂ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਹਰੇਕ ਸੈਂਟਰ ਵਿਖੇ 20% ਸੀਟਾਂ ਆਮ ਸਰਕਾਰੀ ਸਕੂਲਾਂ ਅਤੇ ਡਰਾਪ-ਈਅਰ ਉਮੀਦਵਾਰਾਂ ਲਈ ਰਾਖਵੀਆਂ ਰੱਖੀਆਂ ਜਾਂਦੀਆਂ ਹਨ, ਜੋ ਮੈਰੀਟੋਰੀਅਸ ਵਿਦਿਆਰਥੀਆਂ ਲਈ ਸਕੂਲ ਆਫ਼ ਐਮੀਨੈਂਸ ਅਤੇ ਰੈਜ਼ੀਡੈਂਸ਼ੀਅਲ ਸਕੂਲਾਂ ਤੋਂ ਇਲਾਵਾ ਬਾਕੀਆਂ ਨੂੰ ਵੀ ਇਸ ਪਹਿਲ ਦੇ ਦਾਇਰੇ ਹੇਠ ਲਿਆਉਂਦਾ ਹੈ।

ਬੈਂਸ ਨੇ ਕਿਹਾ ਕਿ ਇਨ੍ਹਾਂ ਕੈਂਪਾਂ ਨੇ ਵਿਦਿਆਰਥੀਆਂ ਨੂੰ ਸਿੱਖਣ ਦਾ ਇੱਕ ਵਿਆਪਕ ਤਜਰਬਾ ਪ੍ਰਦਾਨ ਕੀਤਾ, ਜਿਨ੍ਹਾਂ ਵਿੱਚ ਫਿਜ਼ਿਕਸ ਵਾਲਾ, ਵਿਦਿਆ ਮੰਦਰ ਅਤੇ ਅਵੰਤੀ ਫੈਲੋਜ਼ ਵਰਗੀਆਂ ਚੋਟੀ ਦੀਆਂ ਕੋਚਿੰਗ ਸੰਸਥਾਵਾਂ ਦੇ ਮਾਹਿਰਾਂ ਨੇ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ। ਇਨ੍ਹਾਂ ਕੈਂਪਾਂ ਦਾ ਪਾਠਕ੍ਰਮ ਜੇਈਈ ਅਤੇ ਨੀਟ ਪੈਟਰਨਾਂ ਮੁਤਾਬਕ ਕੰਸੈਪਟ ਕਲੈਰਿਟੀ ਅਤੇ ਉੱਨਤ ਸਮੱਸਿਆ-ਹੱਲ 'ਤੇ ਕੇਂਦਰਤ ਹੈ। ਇਸ ਤੋਂ ਇਲਾਵਾ ਰੋਜ਼ਾਨਾ ਡਾਊਟ-ਕਲੀਅਰਿੰਗ ਸੈਸ਼ਨ, ਵਨ-ਟੂ-ਵਨ ਮੈਂਟਰਿੰਗ ਅਤੇ ਸਟ੍ਰੈਸ ਮੈਨੇਜਮੈਂਟ, ਕਰੀਅਰ ਸੇਧ ਅਤੇ ਮਨੋਰੰਜਕ ਗਤੀਵਿਧੀਆਂ 'ਤੇ ਆਧਾਰਤ ਮਾਡਿਊਲ ਵਿਦਿਆਰਥੀਆਂ ਦੀ ਸੰਪੂਰਨ ਭਲਾਈ ਨੂੰ ਯਕੀਨੀ ਬਣਾਉਂਦੇ ਹਨ। ਇਸ ਦੇ ਨਾਲ ਹੀ ਬਿਹਤਰ ਅਤੇ ਸੁਰੱਖਿਅਤ ਰਿਹਾਇਸ਼ੀ ਸਹੂਲਤਾਂ ਨੇ ਵਿਦਿਆਰਥੀਆਂ ਨੂੰ ਪੜ੍ਹਨ ਲਈ ਸਾਜ਼ਗਾਰ ਮਾਹੌਲ ਪ੍ਰਦਾਨ ਕੀਤਾ।

ਉਨ੍ਹਾਂ ਭਰੋਸਾ ਜਤਾਇਆ ਕੀਤਾ ਕਿ ਸਰਦੀਆਂ ਦੇ ਰੈਜ਼ੀਡੈਂਸ਼ੀਅਲ ਕੋਚਿੰਗ ਕੈਂਪ 11ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸ਼ੁਰੂਆਤੀ ਸਮੇਂ ਵਿੱਚ ਹੀ ਮਹੱਤਵਪੂਰਨ ਸਿਖਲਾਈ ਪ੍ਰਦਾਨ ਕਰਕੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਨਤੀਜਿਆਂ 'ਚ ਮਹੱਤਵਪੂਰਨ ਸੁਧਾਰ ਲਿਆਉਣਗੇ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਫਾਈਨਲ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਮਦਦਗਾਰ ਸਾਬਤ ਹੋਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੇ ਸਾਲ 265 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਜੇਈਈ ਮੇਨਜ਼ ਪ੍ਰੀਖਿਆ, 45 ਨੇ ਜੇਈਈ ਐਡਵਾਂਸਡ ਅਤੇ 847 ਨੇ ਨੀਟ ਪ੍ਰੀਖਿਆ ਪਾਸ ਕੀਤੀ ਸੀ, ਜਿਸ ਨਾਲ ਇਹ ਸਾਬਤ ਹੁੰਦਾ ਹੈ ਕਿ ਰਾਜ ਦੇ ਸਰਕਾਰੀ ਸਕੂਲ ਹੁਣ ਦੇਸ਼ ਦੇ ਚੋਟੀ ਦੇ ਪੇਸ਼ੇਵਰ ਕਰੀਅਰ ਕੋਰਸਾਂ ਲਈ ਇੱਕ ਲਾਂਚਪੈਡ ਵਜੋਂ ਕੰਮ ਕਰ ਰਹੇ ਹਨ।

ਪੰਜਾਬ ਸਰਕਾਰ ਨੇ ਸਕੂਲ ਸਿੱਖਿਆ ਵਿਭਾਗ ਰਾਹੀਂ "ਪੇਸ" ਪ੍ਰੋਗਰਾਮ ਤਹਿਤ ਵਿੰਟਰ ਰੈਜ਼ੀਡੈਂਸ਼ੀਅਲ ਕੋਚਿੰਗ ਕੈਂਪਾਂ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਵਿਆਪਕ ਪ੍ਰਬੰਧਕੀ ਅਤੇ ਅਕਾਦਮਿਕ ਇੰਤਜ਼ਾਮ ਕੀਤੇ ਸਨ।

ਲੁਧਿਆਣਾ, ਬਠਿੰਡਾ ਅਤੇ ਮੋਹਾਲੀ ਵਿੱਚ ਤਿੰਨ ਰਿਹਾਇਸ਼ੀ ਕੇਂਦਰਾਂ ਵਿੱਚ ਲਗਾਏ ਗਏ ਇਹ ਕੋਚਿੰਗ ਕੈਂਪ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਸਭ ਤੋਂ ਵੱਡੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਸਹਾਇਤਾ ਵਾਸਤੇ ਪਹਿਲਕਦਮੀ ਕੀਤੀ ਗਈ ਸੀ, ਜਿਸ ਵਿੱਚ ਮਿਆਰੀ ਅਕਾਦਮਿਕ ਯੋਜਨਾਬੰਦੀ, ਪੂਰਨ ਨਿਗਰਾਨੀ ਅਤੇ ਸਾਰੀਆਂ ਥਾਵਾਂ ਉੱਤੇ ਇੱਕਸਾਰ ਸਿਲੇਬਸ ਡਿਲੀਵਰੀ ਸ਼ਾਮਲ ਸੀ। ਨਿਰਪੱਖਤਾ ਨੂੰ ਯਕੀਨੀ ਬਣਾਉਂਦਿਆਂ ਸਰਕਾਰ ਨੇ ਹਰੇਕ ਕੇਂਦਰ ਵਿੱਚ ਦੂਜੇ ਸਰਕਾਰੀ ਸਕੂਲਾਂ ਅਤੇ ਡ੍ਰੌਪ-ਯੀਅਰ ਦੇ ਚਾਹਵਾਨ ਵਿਦਿਆਰਥੀਆਂ ਲਈ 20 ਪ੍ਰਤੀਸ਼ਤ ਸੀਟਾਂ ਰਾਖਵੀਆਂ ਰੱਖੀਆਂ ਸਨ, ਤਾਂ ਜੋ ਸਕੂਲ ਆਫ਼ ਐਮੀਨੈਂਸ ਅਤੇ ਮੈਰੀਟੋਰੀਅਸ ਵਿਦਿਆਰਥੀਆਂ ਲਈ ਰਿਹਾਇਸ਼ੀ ਸਕੂਲਾਂ ਤੋਂ ਇਲਾਵਾ ਦੂਜੇ ਸਕੂਲਾਂ ਦੇ ਵਿਦਿਆਰਥੀਆਂ ਤੱਕ ਵੀ ਇਸ ਪਹਿਲਕਦਮੀ ਦਾ ਲਾਭ ਪਹੁੰਚ ਸਕੇ।

ਪੰਜਾਬ ਸਰਕਾਰ ਨੇ ਰਿਹਾਇਸ਼ੀ ਕੈਂਪਾਂ ਵਿੱਚ ਮੁਕੰਮਲ ਪ੍ਰਬੰਧ ਯਕੀਨੀ ਬਣਾਏ ਸਨ ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਇਕਾਗਰਤਾ, ਸਿੱਖਣ ਦਾ ਸਾਜ਼ਗਾਰ ਮਾਹੌਲ ਮੁਹੱਈਆ ਕਰਵਾਇਆ ਜਾ ਸਕੇ।

ਵਿਦਿਆਰਥੀਆਂ ਨੂੰ ਸੁਰੱਖਿਅਤ ਰਿਹਾਇਸ਼, ਪੌਸ਼ਟਿਕ ਭੋਜਨ, 24 ਘੰਟੇ ਨਿਗਰਾਨੀ, ਮੈਡੀਕਲ ਅਤੇ ਕਾਊਂਸਲਿੰਗ ਸਹਾਇਤਾ ਦਿੱਤੀ ਗਈ। ਵਿਦਿਆਰਥੀਆਂ ਲਈ ਨਾਮਵਰ ਕੋਚਿੰਗ ਸੰਸਥਾਵਾਂ ਨਾਲ ਭਾਈਵਾਲੀ ਰਾਹੀਂ ਅਕਾਦਮਿਕ ਡਿਲੀਵਰੀ ਤੋਂ ਇਲਾਵਾ ਰੋਜ਼ਾਨਾ ਦੁਬਿਧਾ ਦੂਰ ਕਰਨ ਵਾਲੇ ਸੈਸ਼ਨ, ਢਾਂਚਾਗਤ ਮੈਂਟਰਸ਼ਿਪ, ਤਣਾਅ ਪ੍ਰਬੰਧਨ ਅਤੇ ਕਰੀਅਰ ਮਾਰਗਦਰਸ਼ਨ 'ਤੇ ਧਿਆਨ ਕੇਂਦਰਤ ਕਰਨ ਵਾਲੇ ਸੰਪੂਰਨ ਮੋਡਿਊਲਾਂ ਰਾਹੀਂ ਮਦਦ ਕੀਤੀ ਗਈ। ਇਹ ਪ੍ਰਬੰਧ ਪੰਜਾਬ ਸਰਕਾਰ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਆਈਆਈਟੀ, ਐਨਆਈਟੀ, ਏਮਜ਼ ਅਤੇ ਹੋਰ ਪ੍ਰਮੁੱਖ ਸੰਸਥਾਵਾਂ ਲਈ ਹੌਸਲੇ ਨਾਲ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਤਿਆਰ ਕਰਦੇ ਹੋਏ ਉੱਤਮਤਾ, ਬਰਾਬਰੀ ਅਤੇ ਵਿਦਿਆਰਥੀ ਭਲਾਈ ਦੇ ਮੱਦੇਨਜ਼ਰ ਕੀਤੇ ਯਤਨਾਂ ਨੂੰ ਦਰਸਾਉਂਦੇ ਹਨ।

## ਢਾਹਾਂ ਕਲੇਰਾਂ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਸਾਲ 2026 ਦੀ ਆਮਦ ਦੀ ਖੁਸ਼ੀ ਵਿਚ ਮਹਾਨ ਗੁਰਮਤਿ ਸਮਾਗਮ

# ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਹਸਪਤਾਲ ਢਾਹਾਂ ਕਲੇਰਾਂ ਵਿਖੇ ਇੱਕ ਮਹੀਨੇ ਦੇ ਮੈਗਾ ਕੈਂਪ ਵਿਚ ਖਰਾਬ ਗੋਡਾ ਇੱਕ ਲੱਖ ਰੁਪਏ ਵਿਚ ਬਦਲੀ ਹੋਵੇਗਾ: ਢਾਹਾਂ

ਬੰਗਾ
ਸਾਂਝੀ ਸੋਚ ਬਿਊਰੋ

ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਐਨ ਆਰ ਆਈਜ਼ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਸਾਲ 2026 ਦੀ ਆਮਦ ਦੀ ਖੁਸ਼ੀ ਵਿਚ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਕਰਵਾਇਆ ਗਿਆ। ਇਸ ਪਾਵਨ ਮੌਕੇ ਹਸਪਤਾਲ ਢਾਹਾਂ ਕਲੇਰਾਂ ਵਿਖੇ ਖਰਾਬ ਗੋਡਾ ਇੱਕ ਲੱਖ ਵਿਚ ਬਦਲਣ ਦੇ ਇੱਕ ਮਹੀਨਾ ਚੱਲਣ ਵਾਲੇ ਮੈਗਾ ਕੈਂਪ ਦਾ ਐਲਾਨ ਵੀ ਕੀਤਾ ਗਿਆ ।

ਇਸ ਤੋਂ ਪਹਿਲਾਂ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਸਜੇ ਮਹਾਨ ਗੁਰਮਤਿ ਸਮਾਗਮ ਵਿਚ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁ: ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ, ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਰਾਜਾ ਸਾਹਿਬ ਮਜਾਰਾ ਤੋਂ ਇਲਾਵਾ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਅਤੇ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦੇ ਵਿਦਿਆਰਥੀ ਕੀਰਤਨੀ ਜਥਿਆਂ ਨੇ ਇਲਾਹੀ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਵਿਚ ਪ੍ਰੰਥ ਪ੍ਰਸਿਧ ਕਥਾ ਵਾਚਕ ਡਾ. ਸਰਬਜੀਤ ਸਿੰਘ ਰੇਣਕਾ ਲੁਧਿਆਣਾ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਫਲਸਫੇ ਬਾਰੇ ਚਾਨਣਾ ਪਾਇਆ। ਇਸ ਮੌਕੇ ਹਰਦੇਵ ਸਿੰਘ ਕਾਹਮਾ ਸਾਬਕਾ ਪ੍ਰਧਾਨ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਸੰਗਤਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ 2026 ਦੀਆਂ ਵਧਾਈਆਂ ਦਿੱਤੀਆਂ।

ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਟਰੱਸਟ ਨੇ ਸੰਗਤਾਂ ਨੂੰ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ ਦੀਆਂ ਵਧਾਈਆਂ ਦਿੰਦੇ ਹੋਏ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਈ ਨੂੰ ਮਨੁੱਖਤਾ ਦੀ ਭਲਾਈ ਦਾ ਸੰਦੇਸ਼ ਦਿੱਤਾ ਹੈ। ਉਹਨਾਂ ਐਲਾਨ ਕਰਦਿਆਂ ਕਿਹਾ ਕਿ ਇਸ ਲਈ ਇਲਾਕੇ ਦੇ ਲੋੜਵੰਦਾਂ ਦੀ ਮਦਦ ਕਰਨ ਹਿੱਤ ਗੁਰੂ ਜੀ ਦੇ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ 2026 ਦੀ ਖੁਸ਼ੀ ਵਿਚ 01 ਜਨਵਰੀ ਤੋਂ 31 ਜਨਵਰੀ 2026 ਤੱਕ ਹਸਪਤਾਲ ਵਿਚ ਲਗਾਏ ਜਾ ਰਹੇ ਮੈਗਾ ਕੈਂਪ ਵਿਚ ਖਰਾਬ ਗੋਡਾ ਸਿਰਫ ਇੱਕ ਲੱਖ ਰੁਪਏ ਦੇ ਪੈਕਜ ਵਿਚ ਬਦਲੀ ਕੀਤਾ ਜਾਵੇਗਾ।

ਗੋਡੇ ਬਦਲਣ ਦੇ ਇਸ ਪੈਕਜ ਵਿਚ ਇੰਪੋਰਟਡ ਇੰਪਲਾਂਟ, ਦਵਾਈਆਂ, ਅਪਰੇਸ਼ਨ ਅਤੇ ਹਸਪਤਾਲ ਵਿਖੇ ਦਾਖਲ ਰਹਿਣ ਦਾ ਸਾਰਾ ਖਰਚਾ ਸ਼ਾਮਿਲ ਹੋਵੇਗਾ। ਉਹਨਾਂ ਨੇ ਇਲਾਕਾ ਨਿਵਾਸੀਆਂ ਨੂੰ ਢਾਹਾਂ ਕਲੇਰਾਂ ਵਿਖੇ ਚੱਲ ਰਹੇ ਵੱਖ ਵੱਖ ਮੈਡੀਕਲ ਅਤੇ ਵਿਦਿਅਕ ਅਦਾਰਿਆਂ ਦੀਆਂ ਸੇਵਾਵਾਂ ਦਾ ਲਾਭ ਪ੍ਰਾਪਤ ਕਰਨ ਦੀ ਅਪੀਲ ਵੀ ਕੀਤੀ।



ਢਾਹਾਂ ਕਲੇਰਾਂ ਵਿਖੇ ਹੋਏ ਮਹਾਨ ਗੁਰਮਤਿ ਸਮਾਗਮ ਵਿਚ ਹਰਦੇਵ ਸਿੰਘ ਕਾਹਮਾ ਸਾਬਕਾ ਪ੍ਰਧਾਨ, ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਦਰਸ਼ਨ ਸਿੰਘ ਮਾਹਿਲ ਕੈਨੇਡਾ ਸੀਨੀਅਰ ਮੈਂਬਰ, ਜਥੇਦਾਰ ਸਤਨਾਮ ਸਿੰਘ ਲਾਦੀਆਂ, ਬਰਜਿੰਦਰ ਸਿੰਘ ਹੈਪੀ ਕਲੇਰਾਂ, ਪ੍ਰੋ: ਹਰਬੰਸ ਸਿੰਘ ਬੋਲੀਨਾ ਡਾਇਰੈਕਟਰ ਸਿੱਖਿਆ, ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ, ਮੈਡਮ ਵਨੀਤਾ ਚੋਟ ਪ੍ਰਿੰਸੀਪਲ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਭਾਈ ਮਨਜੀਤ ਸਿੰਘ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਬੀਬੀ ਬਲਜਿੰਦਰ ਕੌਰ ਬਾਹੜੋਵਾਲ, ਮੈਡਮ ਸੁਖਮਿੰਦਰ ਕੌਰ ਉੱਭੀ, ਭਾਈ ਮਨਜੀਤ ਸਿੰਘ ਤੋਂ ਇਲਾਵਾ ਟਰੱਸਟ ਦੇ ਪ੍ਰਬੰਧ ਹੇਠਾਂ ਚੱਲ ਰਹੇ ਅਦਾਰਿਆਂ ਦਾ ਸਮੂਹ ਸਟਾਫ਼, ਡਾਕਟਰ ਸਾਹਿਬਾਨ, ਨਰਸਿੰਗ, ਪੈਰਾ ਮੈਡੀਕਲ ਵਿਦਿਆਰਥੀ ਅਤੇ ਇਲਾਕਾ ਨਿਵਾਸੀ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।


JVS LOGISTICS
2345 Enterprise Park Place Indianapolis Indiana, 46218
• ਇਥੇ ਸੈਮੀ ਟਰੱਕ ਟ੍ਰੇਲਰ ਦੀ ਮੁਰੰਮਤ ਕੀਤੀ ਜਾਂਦੀ ਹੈ
• ਇਥੇ ਅਸੀਂ Brakes, Drums, Tires, Radiators, Seals, Shocks, Air Bag ਵਰਗੀਆਂ ਸੇਵਾਵਾਂ ਦਿੰਦੇ ਹਾਂ
• ਸੇਮੀ ਟਰੱਕ ਅਤੇ ਟ੍ਰੇਲਰ ਦੀ ਪਾਰਕਿੰਗ lease ਤੇ ਲੈ ਸਕਦੇ ਹੋ
• ਕਰਾਸ ਡੌਕ ਸੇਵਾਵਾਂ
• ਲੋਡ ਟ੍ਰਾਂਸਫਰ ਅਤੇ ਰੀਸਟਾਕ ਕਰੋ
• ਟਿਲਟੇਡ ਪੈਲੇਟਸ ਨੂੰ ਸਿਧੇ ਕੀਤੇ ਜਾਂਦੇ ਹਨ
• ਖਿਲਰੇ ਹੋਏ ਲੋਡ ਨੂੰ ਰੀਸਟਾਕ ਕਰਵਾਓ
• ਇੰਡੀਆਨਾ ਏਰੀਏ 'ਚ ਲੋਡ ਡਿਲੇਵਰ ਕਰਵਾਓ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
jvslogisticsllc@outlook.com
JUGDEV SAMRA (317) 379-4065
SUKHDEV SAMRA (317) 250-3545
ਸਾਡੀ ਇਹ ਲੋਕੇਸ਼ਨ Near - Indianapolis Downtown on I-70, Exit 85B, Keystone Avenue


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5
With Installation
Singh: 510-766-9382



11R22.5
With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

2955 N. Wilson Way Stockton , CA 95205

# ਅਮਨਦੀਪ ਸਿੰਘ ਦੀਆਂ ਰਚਨਾਵਾਂ

ਨਵਾਂ ਸਾਲ ਮੁਬਾਰਕ

1.

ਆਓ ਜੀਵਨ ਦੇ ਵਿੱਚ ਉਲਫ਼ਤ ਦਾ ਰੰਗ ਭਰੀਏ।
ਸੁਪਨਿਆਂ ਦੀ ਇੱਕ ਦੁਨੀਆਂ ਤਿਆਰ ਕਰੀਏ।
ਜਿਹੜੇ ਪਲ ਸਮੇ ਦੇ ਵਹਿਣ ਵਿਚ ਵਹਿ ਗਏ –
ਅੱਜ ਉਹਨਾਂ ਪਲਾਂ ਨੂੰ ਫਿਰ ਸਾਕਾਰ ਕਰੀਏ।
ਦਿਲ ਦੇ ਜ਼ਖਮਾਂ ‘ਤੇ ਪਿਆਰ ਦੀ ਮਲ੍ਹਮ ਲਗਾ ਕੇ
ਆਓ ਦੁੱਖਾਂ ਦਾ ਸਾਗਰ ਹੌਲ਼ੀ-ਹੌਲ਼ੀ ਤਰੀਏ।
ਬੀਤ ਰਹੇ ਸਾਲ ਦੀਆਂ ਯਾਦਾਂ ਨੂੰ ਸਜਾ ਕੇ –
ਆਉਣ ਵਾਲ਼ੇ ਸਾਲ ਦਾ ਸਵਾਗਤ ਕਰੀਏ !

2.

ਸਮੇਂ ਦੇ ਫ਼ਲਕ ਤੋਂ
ਵਰ੍ਹੇ ਦਾ ਇੱਕ ਤਾਰਾ ਟੁੱਟਿਆ।
ਦਿਲ ਨੂੰ ਕੱਝ ਹੋਇਆ
ਨੈਣਾਂ ਦਾ ਚਸ਼ਮਾ ਫੁੱਟਿਆ।
ਯਾਦ ਦੀ ਇੱਕ ਲੀਹ ਜਿਹੀ
ਉੱਠਦੀ ਚਲੀ ਗਈ।
ਦਿਲ ਦੀ ਨਾਜ਼ੁਕ ਤਹਿ
ਤੜਪਾਉਂਦੀ ਚਲੀ ਗਈ।
ਉਦਾਸ ਸ਼ਾਮ ਹੈ ਫੈਲ ਰਹੀ
ਖ਼ਿਆਲਾਂ ਦੇ ਵਿੱਚ।
ਦਰਦ ਦੀ ਖ਼ਲਿਸ਼ ਹੈ ਉੱਠ ਰਹੀ
ਸਾਲਾਂ ਦੇ ਵਿੱਚ।
ਇਸ ਖ਼ਲਿਸ਼ ਨੇ
ਆਪਣਾ ਜਮਾਲ ਹੈ ਦਿਖਾ ਦਿੱਤਾ।
ਇੱਕ ਹੋਰ ਸੁਪਨਿਆਂ ਭਰੇ
ਸੂਰਜ ਨੂੰ ਉਗਾ ਦਿੱਤਾ।
ਸੁਪਨਿਆਂ ਭਰੇ ਵਰ੍ਹੇ ਦੇ
ਸੂਰਜ ਨੂੰ ਸਲਾਮ ਹੈ !
ਅੱਖਾਂ 'ਚ ਆਸ ਦੀ ਚਮਕ
ਤੇ ਹੱਥਾਂ 'ਚ ਜਾਮ ਹੈ !

3.

ਆਉਣ ਵਾਲੇ ਵਰ੍ਹੇ !
ਤੂੰ ਸੂਰਜ ਵਾਂਗ ਆ।
ਤਾਰੀਕ ਜ਼ਿੰਦਗੀ 'ਚ
ਆਸ ਦੀ ਸ਼ਫ਼ਕ ਲਿਆ।
ਅੱਖਾਂ ਵਿੱਚ ਸੁਪਨੇ
ਦਿਲ ਵਿੱਚ ਧੜਕਣ ਲਿਆ।
ਗੱਲ੍ਹਾਂ ਤੇ ਲਾਲੀ
ਹੋਠਾਂ 'ਤੇ ਤਬਸੁੱਮ ਲਿਆ।
ਸਮੇਂ ਦੇ ਪੰਛੀ
ਪਰਦੇਸੀਂ ਉੜਦੇ ਜਾਂਦੇ –
ਨਿਰਮੋਹੇ ਪੰਛੀ
ਵਾਪਿਸ ਇਸ ਦੇਸ ਲਿਆ।
ਹਿਜਰ ਦੇ ਬੋਝਿੱਲ ਪਲ
ਜਲਦ ਮੁਕਾ ਕੇ –
ਪਿਆਰ ਦੇ ਸਦੀਵੀ
ਪਲਾਂ ਦਾ ਮੌਸਮ ਲਿਆ।

ਟੱਪੇ

ਸਾਡੇ ਕੋਲ ਖਲੋ ਮਾਹੀਆ !
ਅਸਾਂ ਰੌਸ਼ਨੀ ਜਲਾਈ ਹੈ –
ਤੂੰ ਵੀ ਲੈਂਦਾ ਜਾ ਲੋਅ ਮਾਹੀਆ !
ਸੁਪਨੇ ਤਰਸਦੇ ਰਹਿੰਦੇ ਨੇ !
ਵਰ੍ਹਿਆਂ ਦੇ ਵਰ੍ਹੇ ਵੇਖੋ –
ਕਿਵੇਂ ਪਾਣੀ ਵਾਂਗ ਵਹਿੰਦੇ ਨੇ !
ਵੇਖੋ ! ਨਵਾਂ ਵਰ੍ਹਾ ਚੜ੍ਹ ਆਇਆ !
ਸਾਡੇ ਦਿਲੀਂ ਕਸਕ ਰਹੀ–
ਕਿਉਂ ਤੂੰ ਨਹੀਂ ਆਇਆ !
ਜ਼ਿੰਦਗੀ ਦੀ ਹੱਸਦੀ ਨੁਹਾਰ ਵੇਖੋ !
ਬਾਹਰ ਤਾਂ ਖ਼ੁਸ਼ਬੋਈ ਹੈ–
ਅੰਦਰ ਗ਼ਮਾਂ ਦੇ ਖ਼ਾਰ ਵੇਖੋ !
ਕੋਇਲਾਂ ਦੀ ਕੂਕ ਸੁਣੇਂਦੀ ਏ !
ਇੱਕ ਤੇ ਤੂਫ਼ਾਨ, ਦੂਜੀ
ਮਨ ਵਿੱਚ ਹੂਕ ਸੁਣੇਂਦੀ ਏ !
ਡਾਲੀ ਨਾਲ਼ ਫੁੱਲ ਨੇ ਲਟਕ ਰਹੇ !
ਇੱਕ ਤੇਰੇ ਬਾਝੋਂ ਸੋਹਣਿਆਂ –
ਅਸੀਂ ਦਰ ਦਰ ਭਟਕ ਰਹੇ !
ਵੇਖੋ ! ਸੱਧਰਾਂ ਦਾ ਹੜ੍ਹ ਆਇਆ !
ਨਵੀਆਂ ਉਮੀਦਾਂ ਲੈ ਕੇ –
ਇਹ ਨਵਾਂ ਵਰ੍ਹਾ ਚੜ੍ਹ ਆਇਆ !

ਵਕਤ

ਵਕਤ ਅਸਲ ਵਿੱਚ ਕੁੱਝ ਵੀ ਨਹੀਂ –
ਸਿਰਫ਼ ਤੁਸੀਂ ਹੀ ਹੋ –
ਜਿਊਂਦੇ... ਜਾਗਦੇ... ਧੜਕਦੇ ਹੋਏ...
ਆਪਣੀਆਂ ਆਸਾਂ ਤੇ ਸੁਪਨਿਆਂ ਨਾਲ਼
ਮੰਜ਼ਲ ਵੱਲ ਨੂੰ ਟੁਰਦੇ ਹੋਏ।
ਵਕਤ ਤਾਂ ਭਾਵਵਾਚਕ ਹੈ –
ਹਵਾ ਦੇ ਵਾਂਗ ਉਡਦਾ ਹੈ –
ਅਸੀਂ ਸਿਰਫ਼ ਮਹਿਸੂਸ ਕਰ ਸਕਦੇ ਹਾਂ...
ਛੂਹ ਨਹੀਂ ਸਕਦੇ !
ਪਰ ਵਕਤ ਤੁਹਾਨੂੰ ਛੂਹ ਸਕਦਾ ਹੈ !
ਤੇ ਇਹ ਮਹਿਸੂਸ ਹੈ ਕਰਾਉਂਦਾ –
ਕਿ ਅਸੀਂ ਸੱਚਮੁੱਚ ਹੀ
ਇਸ ਜਹਾਨ ਵਿੱਚ ਵਿਚਰ ਰਹੇ ਹਾਂ...
ਤੇ ਭਾਵਵਾਚਕ ਨਹੀਂ ਹਾਂ !
ਸਿਰਫ਼ ਤੇ ਸਿਰਫ਼
ਇਸ ਪਲ ਵਿੱਚ ਹੀ ਜੀ ਰਹੇ ਹਾਂ –
ਯਾਦਾਂ ਤੇ ਸੁਪਨਿਆਂ ਦਾ ਸੂਤ ਵੱਟ ਰਹੇ ਹਾਂ !
ਪਿੱਛੇ ਜੋ ਬੀਤ ਗਿਆ –
ਉਸਦੀਆਂ ਯਾਦਾਂ ਹਨ –
ਬੇਸਰੂਪ, ਧੁੰਦਲੀਆਂ ਜਿਹੀਆਂ !
ਅੱਗੇ ਕੀ ਹੈ ਕੁੱਝ ਨਹੀਂ ਪਤਾ –
ਸਿਰਫ਼ ਸੁਪਨੇ ਹੀ ਹਨ !
ਇਹ ਪਲ ਜਿਸ ਵਿੱਚ ਅਸੀਂ ਹਾਂ, ਸਿਰਫ਼ ਸਾਡਾ ਹੀ ਹੈ –
ਅਸਲ ਵਿੱਚ ਇਹ ਇੱਕ ਪਲ ਅਸੀਂ ਆਪ ਹੀ ਹਾਂ !
ਆਓ, ਇਸ ਇੱਕ ਪਲ ਨੂੰ ਜੀਵੀਏ !
(ਡੀ.ਐਚ. ਲਾਰੇਂਸ ਤੋਂ ਪ੍ਰੇਰਿਤ)

# ਨਵੇਂ ਸਾਲ ਦੀਆਂ ਸਾਰੀ ਮਨੁੱਖਤਾ ਨੂੰ ਬਹੁਤ ਬਹੁਤ ਵਧਾਈਆਂ

ਨਵੇਂ ਸਾਲ ਤੇ ਧਰਮ ਬਾਰੇ ਮੇਰੇ ਨਿੱਜੀ ਵਿਚਾਰ। ਸਮਾਜ ਵਿੱਚੋਂ ਮਿਲੀ ਸਮਝ ਮੁਤਾਬਕ ਧਰਮ ਦੋ ਤਰਾਂ ਦੇ ਹਨ, ਪਹਿਲਾ ਧਰਮ ਆਪਣੇ ਕੰਮ ਪ੍ਰਤੀ ਇਮਾਨਦਾਰ ਹੋਣਾ, ਆਪਣੇ ਫਰਜ਼ਾਂ ਨੂੰ ਇਮਾਨਦਾਰੀ ਨਾਲ ਨਿਭਾਉਣਾ, ਕਿਸੇ ਦਾ ਬੁਰਾ ਨਾ ਸੋਚਣਾ, ਭਾਵ ਕਿ ਚੰਗੇ ਕੰਮ ਕਰਨਾ, ਇਹ ਧਰਮ ਸਾਰੀ ਮਨੁੱਖਤਾ ਲਈ ਸਾਂਝਾ ਹੈ, ਇਹ ਨਾ ਛੱਡਿਆ ਜਾ ਸਕਦਾ ਹੈ ਅਤੇ ਨਾ ਹੀ ਬਦਲਿਆ ਜਾ ਸਕਦਾ ਹੈ। ਦੂਜਾ ਧਰਮ ਹੈ ਕਿਸੇ ਭੇਖ ਵਾਲੇ ਕਹੇ ਜਾਂਦੇ (ਹਿੰਦੂ, ਮੁਸਲਿਮ, ਸਿੱਖ, ਇਸਾਈ ਆਦਿ) ਧਰਮ ਦਾ ਭੇਖ ਧਾਰਨ ਕਰਨਾ ਅਤੇ ਉਸ ਧਰਮ ਦੀ ਮਰਯਾਦਾ ਨੂੰ ਆਪਣੇ ਉਤੇ ਲਾਗੂ ਕਰਨਾ, ਇਸ ਧਰਮ ਨੂੰ ਤੁਸੀਂ ਛੱਡ ਵੀ ਸਕਦੇ ਹੋਂ ਅਤੇ ਇਸ ਨੂੰ ਬਦਲ ਵੀ ਸਕਦੇ ਹੋਂ, ਇਨ੍ਹਾਂ ਦੋਹਾਂ ਧਰਮਾਂ ਵਿੱਚ ਫਰਕ ਇਹ ਹੈ ਕਿ ਪਹਿਲੇ ਧਰਮ ਨੂੰ ਨਿਭਾਉਣ ਲਈ ਕਿਸੇ ਧਾਰਮਿਕ ਪਹਿਰਾਵੇ (ਭੇਖ) ਜਾਂ ਧਾਰਮਿਕ ਮਰਯਾਦਾ ਦੀ ਲੋੜ ਨਹੀਂ ਹੈ, ਪਰ ਭੇਖ ਵਾਲੇ ਸੱਚੇ ਧਰਮੀ ਬਣਨ ਲਈ ਪਹਿਲੇ ਧਰਮ ਦੇ ਅਸੂਲਾਂ ਨੂੰ ਮੰਨਣਾ ਲਾਜਮੀ ਹੈ, ਜੇ ਤੁਸੀਂ ਆਪਣੇ ਕੰਮ ਪ੍ਰਤੀ ਇਮਾਨਦਾਰ ਨਹੀਂ ਹੋਂ, ਆਪਣੇ ਫਰਜ਼ਾਂ ਨੂੰ ਇਮਾਨਦਾਰੀ ਨਾਲ ਨਹੀਂ ਨਿਭਾਉਂਦੇ, ਦੂਜਿਆਂ ਦਾ ਬੁਰਾ ਸੋਚਦੇ ਹੋਂ, ਭਾਵ ਕਿ ਚੰਗੇ ਕੰਮ ਨਹੀਂ ਕਰਦੇ, ਤਾਂ ਤੁਸੀਂ ਕਿਸੇ ਵੀ ਧਰਮ ਦਾ ਭੇਖ ਧਾਰਨ ਕਰ ਕੇ ਵੀ ਸੱਚੇ ਧਰਮੀ ਨਹੀਂ ਬਣ ਸਕਦੇ, ਫਿਰ ਸਵਾਲ ਪੈਦਾ ਹੁੰਦਾ ਹੈ ਕਿ ਜੇ ਕਿਸੇ ਵੀ ਧਰਮ ਦਾ ਭੇਖ ਧਾਰਨ ਕਰ ਕੇ ਸੱਚਾ ਧਰਮੀ ਬਣਨ ਲਈ ਆਪਣੇ ਕੰਮ ਪ੍ਰਤੀ ਇਮਾਨਦਾਰ ਹੋਣਾ, ਆਪਣੇ ਫਰਜਾਂ ਨੂੰ ਇਮਾਨਦਾਰੀ ਨਾਲ ਨਿਭਾਉਣਾ, ਕਿਸੇ ਦਾ ਬੁਰਾ ਨਾ ਸੋਚਣਾ ਭਾਵ ਕਿ ਚੰਗੇ ਕੰਮ ਕਰਨਾ ਹੀ ਹੈ ਫਿਰ ਕਿਸੇ ਭੇਖ ਦੇ ਗੁਲਾਮ ਬਣਨ ਦੀ ਕੀ ਲੋੜ ਹੈ ? ਇਸ ਲਈ ਆਓ, ਨਵੇਂ ਸਾਲ ‘ਤੇ ਮਨੁੱਖਤਾ ਨੂੰ ਵੰਡਣ ਵਾਲੇ ਪਹਿਰਾਵਿਆਂ ਦੇ ਧਰਮਾਂ ਨੂੰ ਛੱਡ ਕੇ, ਆਪਣੇ ਫਰਜ਼ਾਂ ਨੂੰ ਸਮਝਣ ਵਾਲੇ ਸੱਚੇ ਧਰਮੀ ਬਣੀਏ ਅਤੇ ਸਮੁੱਚੀ ਮਨੁੱਖਤਾ ਨਾਲ ਪਿਆਰ ਕਰੀਏ।

ਹਰਲਾਜ ਸਿੰਘ ਬਹਾਦਰਪੁਰ,
ਬਹਾਦਰਪੁਰ, ਬੁੱਢਲਾਡਾ, ਮਾਨਸਾ
94170-23911

# ਸੱਜਣਾ ਆਜਾ ਰਲ ਮਿਲ ਆਪਾਂ

ਨਵਾਂ ਸਾਲ ਹੱਸ ਨੱਚ ਕੇ ਮਨਾਈਏ,
ਜਿਸ ਰੱਬ ਨੇ ਇਹ ਦਿਨ ਦਿਖਾਇਆ
ਸਭ ਉਸ ਰੱਬ ਦਾ ਸੁਕਰ ਮਨਾਈਏ ।
ਸੱਜਣਾ ਆਜਾ ਰਲ ਮਿਲ..........
ਭੈਣ ਭਰਾ ਇਹ ਰਿਸਤੇ ਨਾਤੇ ,
ਫੇਰ ਨਾ ਸੱਜਣਾ ਮਿਲਣੇ ,
ਜਿਹੜੇ ਫੁੱਲ ਖਿਲੇ ਨੇ ਅੱਜ,
ਫੇਰ ਨਾ ਸੱਜਣਾ ਖਿਲਣੇ ,
ਯਾਰਾਂ ਦੋਸਤਾਂ ਨਾਲ ਐਸੀ ਕੋਈ,
ਟੁੱਟੇ ਨਾ ਗੂੜੀ ਸਾਂਝ ਬਣਾਈਏ ।
ਸੱਜਣਾ ਆਜਾ ਰਲ ਮਿਲ...........
ਲੱਗੇ ਨਾ ਤੱਤੀ ਵਾਅ ਕਿਸੇ ਨੂੰ ,
ਆਓ ਰਲ ਕਰੀਏ ਇਹੋ ਦੁਆਵਾਂ,
ਆਪਣੀ ਮੰਜ਼ਿਲ ਤੇ ਹਰ ਕੋਈ ਪਹੁੰਚੇ ,
ਸੌਖੀਆਂ ਹੋ ਜਾਵਣ ਸੱਜਣਾ ਰਾਹਾਂ ,
ਹੋਵੇ ਤਰੱਕੀ ਦੇਸ਼ ਮੇਰੇ ਦੀ ,
ਆਓ ਆਪਣਾ ਆਪਣਾ ਹਿੱਸਾ ਪਾਈਏ।
ਸੱਜਣਾ ਆਜਾ ਰਲ ਮਿਲ.........
ਭਾਈਚਾਰਾ ਤੋੜਨ ਮੂਰਖ ਜਿਹੜੇ ,
ਆਓ ਓਨਾਂ ਨੂੰ ਸਮਝਾਈਏ ,
ਜਾਤ-ਪਾਤ ਧਰਮ ਤੋ ਉਠਕੇ ,
ਪਿਆਰ ਮੁਹੱਬਤ ਦਾ ਪਾਠ ਪੜਾਈਏ
ਆਜਾ 'ਦਰਦੀ' ਜਿੰਦਗੀ ਦੇ ਪੰਨੇ ਤੇ ,
ਜਿੰਦਗੀ ਜਿੰਦਾਬਾਦ ਲਿਖ ਜਾਈਏ।
ਸੱਜਣਾ ਆਜਾ ਰਲ ਮਿਲ.........



ਸ਼ਿਵਨਾਥ ਦਰਦੀ
98551-55392





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

Where Hope Meets

IMMIGRATION OPPORTUNITIES

USA SERVICES :

CITIZENSHIP
GREEN CARD & PETITION
AFFIDAVIT OF SUPPORT
WORK PERMIT RENEW
STUDENT VISA & TRANSFER
TOURIST VISAS

INDIAN SERVICES :

Passport
VISA
OCI CARD
RENUNCIATION
POWER OF ATTORNEY
LEGAL DOCUMENTS ATTESTATIONS
NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

SANJHI SOCH
Kishan Sanmukhdas Bhawnani
Gondia, Maharashtra
9284141425



# ਨਵਾਂ ਸਾਲ 2026 ਸਾਰੀਆਂ ਸਰਕਾਰਾਂ ਲਈ ਆਤਮ-ਨਿਰੀਖਣ ਦਾ ਮੌਕਾ ਹੈ।ਸ਼ਾਸਨ ਦੀ ਸਵੈ-ਆਲੋਚਨਾ ਤੋਂ ਲੈ ਕੇ ਚੰਗੇ ਸ਼ਾਸਨ ਤੱਕ ਰੇਵੜੀ ਸੱਭਿਆਚਾਰ ਦੇ ਵਿਸ਼ਵ ਮਾਪਦੰਡ, ਨਿਸ਼ਾਨਾਬੱਧ ਭਲਾਈ, ਅਤੇ ਜਵਾਬਦੇਹ ਰਾਜ- ਇੱਕ ਵਿਆਪਕ ਵਿਸ਼ਵਵਿਆਪੀ ਵਿਸ਼ਲੇਸ਼ਣ

ਵਿਸ਼ਵ ਪੱਧਰ 'ਤੇ, ਨਵਾਂ ਸਾਲ 2026 ਸਿਰਫ਼ ਕੈਲੰਡਰ ਵਿੱਚ ਤਬਦੀਲੀ ਹੀ ਨਹੀਂ, ਸਗੋਂ ਕੇਂਦਰ ਅਤੇ ਰਾਜ ਸਰਕਾਰਾਂ ਲਈ ਆਤਮ-ਨਿਰੀਖਣ, ਸਵੈ-ਪ੍ਰਤੀਬਿੰਬ ਅਤੇ ਸਵੈ-ਸੁਧਾਰ ਲਈ ਇੱਕ ਇਤਿਹਾਸਕ ਮੌਕਾ ਵੀ ਹੈ। ਇੱਕ ਲੋਕਤੰਤਰ ਵਿੱਚ, ਜਦੋਂ ਕਿ ਸੱਤਾ ਵਿੱਚ ਤਬਦੀਲੀ ਬਹੁਤ ਮਹੱਤਵਪੂਰਨ ਹੈ, ਸੱਤਾ ਵਿੱਚ ਬੈਠੇ ਲੋਕਾਂ ਦੀ ਆਪਣੀਆਂ ਕਮੀਆਂ, ਖਾਮੀਆਂ ਅਤੇ ਨੀਤੀਗਤ ਅਸੰਤੁਲਨ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਨੂੰ ਸੁਧਾਰਨ ਦੀ ਵਚਨਬੱਧਤਾ ਹੋਰ ਵੀ ਮਹੱਤਵਪੂਰਨ ਹੈ। ਅੱਜ, ਨਾ ਸਿਰਫ਼ ਭਾਰਤ ਸਗੋਂ ਦੁਨੀਆ ਭਰ ਦੇ ਜ਼ਿਆਦਾਤਰ ਲੋਕਤੰਤਰੀ ਦੇਸ਼ ਇਸ ਸਵਾਲ ਨਾਲ ਜੂਝ ਰਹੇ ਹਨ ਕਿ ਕੀ ਉਨ੍ਹਾਂ ਦੀਆਂ ਸਰਕਾਰਾਂ ਸੱਚਮੁੱਚ ਲੋੜਵੰਦਾਂ ਨੂੰ ਸਹਾਇਤਾ ਪ੍ਰਦਾਨ ਕਰਨ ਵਿੱਚ ਸਫਲਤਾਪੂਰਵਕ ਮਦਦ ਕਰ ਰਹੀਆਂ ਹਨ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਇਸ ਮੁਕਾਬਲੇ ਵਾਲੇ ਰਾਜਨੀਤਿਕ ਯੁੱਗ ਵਿੱਚ, ਸਰਕਾਰਾਂ ਅਤੇ ਰਾਜਨੀਤਿਕ ਪਾਰਟੀਆਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਮੁਫਤ ਜਾਂ ਸਬਸਿਡੀ ਵਾਲੀਆਂ ਸੇਵਾਵਾਂ, ਨਕਦ ਟ੍ਰਾਂਸਫਰ, ਸਬਸਿਡੀਆਂ ਅਤੇ ਵਿਸ਼ੇਸ਼ ਰਿਆਇਤਾਂ ਲੋਕਤੰਤਰੀ ਚਰਚਾ ਦੇ ਕੇਂਦਰੀ ਵਿਸ਼ੇ ਬਣ ਗਏ ਹਨ। ਚੋਣ ਲੋਕਤੰਤਰ ਵਿੱਚ, ਰਾਹਤ ਯੋਜਨਾਵਾਂ ਹੁਣ ਸਿਰਫ਼ ਸਮਾਜਿਕ ਨਿਆਂ ਲਈ ਇੱਕ ਸਾਧਨ ਨਹੀਂ ਰਹੀਆਂ ਹਨ, ਸਗੋਂ ਰਾਜਨੀਤਿਕ ਮੁਕਾਬਲੇ ਦਾ ਇੱਕ ਪ੍ਰਭਾਵਸ਼ਾਲੀ ਹਥਿਆਰ ਬਣ ਗਈਆਂ ਹਨ। ਸਿਰਫ਼ ਭਾਰਤ ਵਿੱਚ ਹੀ ਨਹੀਂ, ਸਗੋਂ ਦੁਨੀਆ ਭਰ ਦੇ ਬਹੁਤ ਸਾਰੇ ਲੋਕਤੰਤਰੀ ਦੇਸ਼ਾਂ ਵਿੱਚ, ਇਹ ਸਵਾਲ ਗੰਭੀਰਤਾ ਨਾਲ ਉਠਾਇਆ ਜਾ ਰਿਹਾ ਹੈ ਕਿ ਕੀ ਇਹ ਰਾਹਤ ਪ੍ਰੋਗਰਾਮ ਸੱਚਮੁੱਚ ਸਹੀ ਲਾਭਪਾਤਰੀਆਂ ਤੱਕ ਪਹੁੰਚ ਰਹੇ ਹਨ ਜਾਂ ਕੀ ਅਯੋਗ ਲੋਕ ਵੱਡੇ ਪੱਧਰ 'ਤੇ ਸਿਸਟਮ ਦੀਆਂ ਖਾਮੀਆਂ ਦਾ ਸ਼ੋਸ਼ਣ ਕਰ ਰਹੇ ਹਨ। ਇਹ ਸਥਿਤੀ ਨਾ ਸਿਰਫ਼ ਜਨਤਕ ਸਰੋਤਾਂ ਦੀ ਦੁਰਵਰਤੋਂ ਵੱਲ ਇਸ਼ਾਰਾ ਕਰਦੀ ਹੈ ਬਲਕਿ ਸ਼ਾਸਨ ਦੀ ਨੈਤਿਕ ਅਤੇ ਵਿੱਤੀ ਸਥਿਰਤਾ 'ਤੇ ਵੀ ਸਵਾਲ ਉਠਾਉਂਦੀ ਹੈ।

ਦੋਸਤੋ, ਜੇਕਰ ਅਸੀਂ ਨਵੇਂ ਸਾਲ 2026 ਵਿੱਚ ਸਰਕਾਰਾਂ ਨੂੰ ਆਪਣੀਆਂ ਕਮੀਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਨੂੰ ਸਮਝਣ ਦੀ ਗੱਲ ਕਰੀਏ, ਤਾਂ ਲੋਕਤੰਤਰ ਵਿੱਚ ਸਰਕਾਰਾਂ ਨਿਰਦੋਸ਼ ਨਹੀਂ ਹਨ। ਨੀਤੀ ਨਿਰਮਾਣ ਤੋਂ ਲੈ ਕੇ ਲਾਗੂ ਕਰਨ ਤੱਕ ਕਈ ਪੱਧਰਾਂ 'ਤੇ ਖਾਮੀਆਂ ਕੁਦਰਤੀ ਹਨ, ਪਰ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਇਨ੍ਹਾਂ ਖਾਮੀਆਂ ਨੂੰ ਸਵੀਕਾਰ ਕਰਨ ਦੀ ਬਜਾਏ, ਉਨ੍ਹਾਂ ਨੂੰ ਰਾਜਨੀਤਿਕ ਸਫਲਤਾ ਦਾ ਪਰਦਾ ਦਿੱਤਾ ਜਾਂਦਾ ਹੈ। ਅੱਜ ਭਾਰਤ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਯੋਜਨਾਵਾਂ ਦੀ ਗਿਣਤੀ ਵਧਾਉਣ ਦੀ ਬਜਾਏ ਉਨ੍ਹਾਂ ਦੀ ਗੁਣਵੱਤਾ, ਪਾਰਦਰਸ਼ਤਾ ਅਤੇ ਪ੍ਰਭਾਵਸ਼ੀਲਤਾ 'ਤੇ ਧਿਆਨ ਕੇਂਦਰਿਤ ਕਰਨਾ ਹੈ। ਅੰਤਰਰਾਸ਼ਟਰੀ ਪੱਧਰ 'ਤੇ, ਓ.ਈ. ਸੀ.ਡੀ ਦੇਸ਼ਾਂ, ਸਕੈਂਡੇਨੇਵੀਅਨ ਦੇਸ਼ਾਂ ਅਤੇ ਪੂਰਬੀ ਏਸ਼ੀਆਈ ਅਰਥਵਿਵਸਥਾਵਾਂ ਵਿੱਚ, ਸ਼ਾਸਨ ਸੁਧਾਰ ਦਾ ਮੂਲ ਮੰਤਰ ਨੀਤੀ ਸਮੀਖਿਆ ਅਤੇ ਕੋਰਸ ਸੁਧਾਰ ਰਿਹਾ ਹੈ। ਭਾਰਤ ਵਿੱਚ ਵੀ, ਨਵੇਂ ਸਾਲ 2026 ਵਿੱਚ, ਸਰਕਾਰਾਂ ਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਬਹੁਤ ਸਾਰੀਆਂ ਯੋਜਨਾਵਾਂ ਆਪਣੇ ਟੀਚਿਆਂ ਤੋਂ ਖੁੰਝ ਗਈਆਂ ਹਨ, ਬਹੁਤ ਸਾਰੀਆਂ ਸਬਸਿਡੀਆਂ ਅਯੋਗ ਲੋਕਾਂ ਤੱਕ ਪਹੁੰਚ ਰਹੀਆਂ ਹਨ, ਅਤੇ ਬਹੁਤ ਸਾਰੀਆਂ ਸੇਵਾਵਾਂ ਵਿੱਚ ਅਸਮਾਨਤਾ ਵਧ ਰਹੀ ਹੈ। ਮੌਜੂਦਾ ਰਾਜਨੀਤਿਕ ਯੁੱਗ ਵਿੱਚ ਮੁਕਾਬਲੇ ਵਾਲੀ ਰਾਜਨੀਤੀ ਅਤੇ "ਰੇਵੜੀ ਸੱਭਿਆਚਾਰ" ਦੇ ਫੈਲਾਅ, ਚੋਣ ਮੁਕਾਬਲੇ ਨੇ ਜਨਤਕ ਭਲਾਈ ਨੂੰ ਲੋਕਪ੍ਰਿਯਤਾ ਵਿੱਚ ਬਦਲ ਦਿੱਤਾ ਹੈ। ਮੁਫ਼ਤ ਬਿਜਲੀ, ਮੁਫ਼ਤ ਪਾਣੀ, ਮੁਫ਼ਤ ਯਾਤਰਾ, ਨਕਦ ਟ੍ਰਾਂਸਫਰ, ਅਤੇ ਵੱਖ-ਵੱਖ ਰਿਆਇਤਾਂ - ਉਨ੍ਹਾਂ ਦਾ ਉਦੇਸ਼ ਹੁਣ ਸਮਾਜਿਕ ਸੁਰੱਖਿਆ ਘੱਟ ਅਤੇ ਸਿਆਸੀ ਲਾਭ ਜ਼ਿਆਦਾ ਜਾਪਦਾ ਹੈ। ਅੰਤਰਰਾਸ਼ਟਰੀ ਤਜਰਬਾ ਦਰਸਾਉਂਦਾ ਹੈ ਕਿ ਲਾਤੀਨੀ ਅਮਰੀਕਾ, ਅਫਰੀਕਾ ਅਤੇ ਦੱਖਣੀ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਲੋਕਪ੍ਰਿਯ ਭਲਾਈ ਨੇ ਲੰਬੇ ਸਮੇਂ ਦੇ ਆਰਥਿਕ ਅਸੰਤੁਲਨ ਪੈਦਾ ਕੀਤੇ ਹਨ। ਭਾਰਤ ਵਿੱਚ ਵੀ, ਇਹ ਸਵਾਲ ਕਿ ਕੀ ਮੁਫ਼ਤ ਸੇਵਾਵਾਂ ਸੱਚਮੁੱਚ ਉਨ੍ਹਾਂ ਲੋਕਾਂ ਤੱਕ ਪਹੁੰਚ ਰਹੀਆਂ ਹਨ ਜਿਨ੍ਹਾਂ ਲਈ ਉਹ ਬਣਾਈਆਂ ਗਈਆਂ ਸਨ, ਜਾਂ ਕੀ ਮੱਧ ਅਤੇ ਉੱਚ ਵਰਗ ਵੀ ਨਾਜਾਇਜ਼ ਲਾਭ ਲੈ ਰਹੇ ਹਨ, ਬਹੁਤ ਢੁਕਵਾਂ ਹੈ।

ਦੋਸਤੋ, ਜੇਕਰ ਅਸੀਂ ਯੋਗ ਬਨਾਮ ਅਯੋਗਾਂ 'ਤੇ ਵਿਚਾਰ ਕਰੀਏ: ਭਲਾਈ ਯੋਜਨਾਵਾਂ ਦੀ ਸਭ ਤੋਂ ਵੱਡੀ ਚੁਣੌਤੀ, ਸਰਕਾਰੀਯੋਜਨਾਵਾਂ ਦਾ ਮੂਲ ਸਿਧਾਂਤ ਨਿਸ਼ਾਨਾਬੱਧ ਡਿਲੀਵਰੀ ਹੈ, ਪਰ ਇਹ ਸਿਧਾਂਤ ਅਮਲ ਵਿੱਚ ਕਮਜ਼ੋਰ ਹੁੰਦਾ ਜਾਪਦਾ ਹੈ। ਕਈ ਰਿਪੋਰਟਾਂ ਅਤੇ ਸਮਾਜਿਕ ਆਡਿਟ ਦਰਸਾਉਂਦੇ ਹਨ ਕਿ ਅਯੋਗ ਲੋਕ ਕਈ ਸਰਕਾਰੀ ਪ੍ਰੋਤਸਾਹਨਾਂ ਤੋਂ ਲਾਭ ਉਠਾ ਰਹੇ ਹਨ, ਜਦੋਂ ਕਿ ਅਸਲ ਵਿੱਚ ਲੋੜਵੰਦ ਜਾਂ ਤਾਂ ਵਾਂਝੇ ਹਨ ਜਾਂ ਸਿਰਫ਼ ਅੰਸ਼ਕ ਲਾਭ ਪ੍ਰਾਪਤ ਕਰਦੇ ਹਨ। ਇਹ ਸਥਿਤੀ ਨਾ ਸਿਰਫ਼ ਸਰੋਤਾਂ ਦੀ ਬਰਬਾਦੀ ਕਰਦੀ ਹੈ ਬਲਕਿ ਸਮਾਜਿਕ ਨਿਆਂ ਦੇ ਸਿਧਾਂਤ ਦੀ ਵੀ ਉਲੰਘਣਾ ਕਰਦੀ ਹੈ। ਅੰਤਰਰਾਸ਼ਟਰੀ ਪੱਧਰ 'ਤੇ, ਵਿਸ਼ਵ ਬੈਂਕ ਅਤੇ ਆਈਐਮਐਫ ਨੇ ਵਾਰ-ਵਾਰ ਕਿਹਾ ਹੈ ਕਿ ਭਲਾਈ ਯੋਜਨਾਵਾਂ ਵਿੱਚ ਲੀਕੇਜ ਵਿਕਾਸਸ਼ੀਲ ਦੇਸ਼ਾਂ ਵਿੱਚ ਇੱਕ ਵੱਡੀ ਸਮੱਸਿਆ ਹੈ, ਅਤੇ ਭਾਰਤ ਵੀ ਇਸ ਤੋਂ ਅਪਵਾਦ ਨਹੀਂ ਹੈ। ਬਿਜਲੀ, ਪਾਣੀ, ਸਿਹਤ, ਸਿੱਖਿਆ ਅਤੇ ਆਵਾਜਾਈ ਵਰਗੀਆਂ ਸੇਵਾਵਾਂ ਕਿਸੇ ਵੀ ਆਧੁਨਿਕ ਰਾਜ ਦੀ ਰੀੜ੍ਹ ਦੀ ਹੱਡੀ ਬਣਦੀਆਂ ਹਨ। ਭਾਰਤ ਵਿੱਚ ਸਰਕਾਰਾਂ ਇਨ੍ਹਾਂ ਸੇਵਾਵਾਂ ਵਿੱਚ ਰਾਹਤ ਪ੍ਰਦਾਨ ਕਰਨ ਦਾ ਦਾਅਵਾ ਕਰਦੀਆਂ ਹਨ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਸ਼ਹਿਰੀ ਅਤੇ ਪੇਂਡੂ, ਅਮੀਰ ਅਤੇ ਗਰੀਬ, ਅਤੇ ਸੰਗਠਿਤ ਅਤੇ ਅਸੰਗਠਿਤ ਸਮੂਹਾਂ ਵਿਚਕਾਰ ਅਸਮਾਨਤਾ ਬਣੀ ਰਹਿੰਦੀ ਹੈ। ਅੰਤਰਰਾਸ਼ਟਰੀ ਤੁਲਨਾਵਾਂ ਤੋਂ ਪਤਾ ਚੱਲਦਾ ਹੈ ਕਿ ਯੂਰਪ ਨੇ ਯੂਨੀਵਰਸਲ ਬੁਨਿਆਦੀ ਸੇਵਾਵਾਂ ਦਾ ਇੱਕ ਮਾਡਲਅਪਣਾਇਆ ਹੈ, ਜਿੱਥੇ ਸੇਵਾਵਾਂ ਕਿਫਾਇਤੀ ਹਨ ਪਰ ਮੁਫ਼ਤ ਨਹੀਂ ਹਨ। ਭਾਰਤ ਵਿੱਚ, ਮੁਫ਼ਤ ਸੇਵਾਵਾਂ ਦਾ ਐਲਾਨ ਕੀਤਾ ਜਾਂਦਾ ਹੈ, ਪਰ ਗੁਣਵੱਤਾ, ਨਿਰੰਤਰਤਾ ਅਤੇ ਬਰਾਬਰ ਪਹੁੰਚ ਯਕੀਨੀ ਨਹੀਂ ਬਣਾਈ ਜਾਂਦੀ।

ਦੋਸਤੋ, ਜੇਕਰ ਅਸੀਂ ਅਯੋਗ ਲਾਭਪਾਤਰੀਆਂ ਦੁਆਰਾ ਸਰਕਾਰੀ ਸੇਵਾਵਾਂ ਦੀ ਦੁਰਵਰਤੋਂ ਦੇ ਮੁੱਦੇ 'ਤੇ ਵਿਚਾਰ ਕਰੀਏ: ਆਡਿਟ ਦੀ ਜ਼ਰੂਰਤ, ਤਾਂ ਨਵੇਂ ਸਾਲ 2026 ਵਿੱਚ ਸਭ ਤੋਂ ਜ਼ਰੂਰੀ ਲੋੜ ਜਨਤਕ ਯੋਜਨਾਵਾਂ ਅਤੇ ਸੇਵਾਵਾਂ ਦਾ ਇੱਕ ਵਿਆਪਕ, ਨਿਰਪੱਖ ਅਤੇ ਤਕਨਾਲੋਜੀ-ਅਧਾਰਤ ਆਡਿਟ ਹੈ। ਬਹੁਤ ਸਾਰੇ ਅਯੋਗ ਲੋਕ ਇੱਕੋ ਸਮੇਂ ਕਈ ਯੋਜਨਾਵਾਂ ਤੋਂ ਲਾਭ ਉਠਾ ਰਹੇ ਹਨ - ਇਹ ਸਥਿਤੀ ਨਾ ਸਿਰਫ ਵਿੱਤੀ ਨੁਕਸਾਨ ਦਾ ਕਾਰਨ ਬਣਦੀ ਹੈ ਬਲਕਿ ਜਨਤਕ ਵਿਸ਼ਵਾਸ ਨੂੰ ਵੀ ਕਮਜ਼ੋਰ ਕਰਦੀ ਹੈ। ਅੰਤਰਰਾਸ਼ਟਰੀ ਪੱਧਰ 'ਤੇ, ਸਮਾਜਿਕ ਆਡਿਟ, ਨਤੀਜਾ ਆਡਿਟ ਅਤੇ ਪ੍ਰਦਰਸ਼ਨ ਸਮੀਖਿਆਵਾਂ ਨੂੰ ਸ਼ਾਸਨ ਸੁਧਾਰ ਦੇ ਜ਼ਰੂਰੀ ਹਿੱਸੇ ਮੰਨਿਆ ਜਾਂਦਾ ਹੈ। ਭਾਰਤ ਵਿੱਚ ਵੀ, ਸੀ.ਏ.ਜੀ, ਸਟੇਟ ਆਡੀਟਰ ਜਨਰਲ, ਅਤੇ ਸੁਤੰਤਰ ਸੰਸਥਾਵਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਰੇਲਵੇ ਸਮੇਤ ਬਹੁਤ ਸਾਰੇ ਸਰਕਾਰੀ ਵਿਭਾਗਾਂ ਵਿੱਚ, ਕਰਮਚਾਰੀਆਂ ਨੂੰ ਉਨ੍ਹਾਂ ਦੇ ਸੇਵਾ ਖੇਤਰ ਦੇ ਅੰਦਰ ਮੁਫਤ ਜਾਂ ਟਿਕਟ ਰਹਿਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਪ੍ਰਣਾਲੀ ਇਤਿਹਾਸਕ ਤੌਰ 'ਤੇ ਸਥਾਪਿਤ ਕੀਤੀ ਗਈ ਹੈ ਅਤੇ ਸੇਵਾ ਸ਼ਰਤਾਂ ਦਾ ਹਿੱਸਾ ਹੈ, ਪਰ ਬਦਲਦੇ ਸਮੇਂ ਵਿੱਚ, ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਕੀ ਇਹ ਲਾਭ ਅਜੇ ਵੀ ਜਾਇਜ਼ ਹਨ। ਜਦੋਂ ਔਸਤ ਨਾਗਰਿਕ ਹਰ ਸੇਵਾ ਲਈ ਭੁਗਤਾਨ ਕਰਦਾ ਹੈ, ਤਾਂ ਸਰਕਾਰੀ ਕਰਮਚਾਰੀਆਂ ਨੂੰ ਅਸੀਮਤ ਮੁਫਤ ਸੇਵਾਵਾਂ ਪ੍ਰਦਾਨ ਕਰਨ ਨਾਲ ਸਮਾਜਿਕ ਅਸੰਤੁਲਨ ਪੈਦਾ ਹੁੰਦਾ ਹੈ। ਬਹੁਤ ਸਾਰੇ ਵਿਕਸਤ ਦੇਸ਼ਾਂ ਵਿੱਚ, ਸਰਕਾਰੀ ਕਰਮਚਾਰੀਆਂ ਨੂੰ ਪ੍ਰਤੀਯੋਗੀ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ, ਪਰ ਮੁਫਤ ਜਨਤਕ ਸੇਵਾਵਾਂ ਦੀ ਪਰੰਪਰਾ ਸੀਮਤ ਹੈ।

ਦੋਸਤੋ, ਜੇਕਰ ਅਸੀਂ ਮੁਫ਼ਤ ਚੀਜ਼ਾਂ ਦੇ ਮੁੱਦੇ 'ਤੇ ਵਿਚਾਰ ਕਰੀਏ ਬਨਾਮ ਇੱਕ ਜਵਾਬਦੇਹ ਰਾਜ: ਇੱਕ ਵਿਸ਼ਵਵਿਆਪੀ ਦ੍ਰਿਸ਼ਟੀਕੋਣ, ਤਾਂ ਦੁਨੀਆ ਭਰ ਦੇ ਸਫਲ ਲੋਕਤੰਤਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਮੁਫ਼ਤ ਚੀਜ਼ਾਂ ਇੱਕ ਟਿਕਾਊ ਹੱਲ ਨਹੀਂ ਹਨ। ਜਰਮਨੀ, ਜਾਪਾਨ ਅਤੇ ਦੱਖਣੀ ਕੋਰੀਆ ਵਰਗੇ ਦੇਸ਼ਾਂ ਨੇ ਸਮਾਜਿਕ ਸੁਰੱਖਿਆ ਨਾਲ ਉਪਭੋਗਤਾ-ਅਨੁਕੂਲ ਸਿਧਾਂਤ ਨੂੰ ਸੰਤੁਲਿਤ ਕੀਤਾ ਹੈ। ਭਾਰਤ ਨੂੰ ਵੀ ਇਸ ਦਿਸ਼ਾ ਵਿੱਚ ਸੋਚਣ ਦੀ ਲੋੜ ਹੈ। 2026 ਵਿੱਚ, ਸਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕੀ ਅਸੀਂ ਇੱਕ ਅਜਿਹਾ ਰਾਜ ਚਾਹੁੰਦੇ ਹਾਂ ਜੋ ਥੋੜ੍ਹੇ ਸਮੇਂ ਦੀ ਪ੍ਰਸਿੱਧੀ ਲਈ ਸਰੋਤ ਵੰਡਦਾ ਹੈ, ਜਾਂ ਇੱਕ ਅਜਿਹਾ ਰਾਜ ਜੋ ਲੰਬੇ ਸਮੇਂ ਦੀ ਸਵੈ-ਨਿਰਭਰਤਾ ਅਤੇ ਜ਼ਿੰਮੇਵਾਰ ਨਾਗਰਿਕਤਾ ਨੂੰ ਉਤਸ਼ਾਹਿਤ ਕਰਦਾ ਹੈ। ਭਾਰਤ ਵਿੱਚ ਅੱਜ ਆਧਾਰ, ਡੀਬੀਟੀ, ਅਤੇ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਵਰਗੇ ਮਜ਼ਬੂਤ ਸਿਸਟਮ ਹਨ। ਇਸ ਦੇ ਬਾਵਜੂਦ, ਜੇਕਰ ਅਯੋਗ ਲਾਭਪਾਤਰੀ ਯੋਜਨਾਵਾਂ ਤੋਂ ਲਾਭ ਉਠਾ ਰਹੇ ਹਨ, ਤਾਂ ਇਹ ਪ੍ਰਬੰਧਕੀ ਇੱਛਾ ਸ਼ਕਤੀ ਦੀ ਘਾਟ ਨੂੰ ਦਰਸਾਉਂਦਾ ਹੈ। ਅੰਤਰਰਾਸ਼ਟਰੀ ਤਜਰਬਾ ਦਰਸਾਉਂਦਾ ਹੈ ਕਿ ਡੇਟਾ ਏਕੀਕਰਨ ਅਤੇ ਅਸਲ-ਸਮੇਂ ਦੀ ਨਿਗਰਾਨੀ ਭਲਾਈ ਯੋਜਨਾਵਾਂ ਦੀ ਪ੍ਰਭਾਵਸ਼ੀਲਤਾ ਨੂੰ ਕਾਫ਼ੀ ਵਧਾ ਸਕਦੀ ਹੈ। 2026 ਵਿੱਚ, ਸਰਕਾਰਾਂ ਨੂੰ ਇਸ ਦਿਸ਼ਾ ਵਿੱਚ ਫੈਸਲਾਕੁੰਨ ਕਦਮ ਚੁੱਕਣੇ ਪੈਣਗੇ।

ਦੋਸਤੋ, ਜੇਕਰ ਅਸੀਂ ਰਾਜਨੀਤਿਕ ਪਾਰਟੀਆਂ ਦੀ ਭੂਮਿਕਾ 'ਤੇ ਵਿਚਾਰ ਕਰੀਏ: ਸਵੈ-ਸੰਜਮ ਅਤੇ ਨੀਤੀ-ਅਧਾਰਤ ਰਾਜਨੀਤੀ, ਤਾਂ ਨਾ ਸਿਰਫ਼ ਸਰਕਾਰਾਂ ਨੂੰ ਸਗੋਂ ਰਾਜਨੀਤਿਕ ਪਾਰਟੀਆਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਮੁਫ਼ਤ ਚੀਜ਼ਾਂ ਦਾ ਸੱਭਿਆਚਾਰ ਲੋਕਤੰਤਰ ਨੂੰ ਕਮਜ਼ੋਰ ਕਰਦਾ ਹੈ। ਭਾਰਤ ਅੰਤਰਰਾਸ਼ਟਰੀ ਪਲੇਟਫਾਰਮਾਂ 'ਤੇ ਇੱਕ ਜ਼ਿੰਮੇਵਾਰ ਲੋਕਤੰਤਰ ਵਜੋਂ ਉੱਭਰ ਰਿਹਾ ਹੈ, ਅਤੇ ਅੰਦਰੂਨੀ ਨੀਤੀ ਨਿਰਮਾਣ ਵਿੱਚ ਵੀ ਇਸੇ ਪਰਿਪੱਕਤਾ ਦੀ ਲੋੜ ਹੈ। ਚੋਣ ਮੈਨੀਫੈਸਟੋ ਨੂੰ ਮੁਫ਼ਤ ਚੀਜ਼ਾਂ ਦੀ ਬਜਾਏ ਸਿੱਖਿਆ, ਹੁਨਰ, ਸਿਹਤ ਅਤੇ ਨੌਕਰੀਆਂ ਪੈਦਾ ਕਰਨ ਵਰਗੇ ਠੋਸ ਏਜੰਡਿਆਂ 'ਤੇ ਕੇਂਦ੍ਰਿਤ ਹੋਣਾ ਚਾਹੀਦਾ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਨਵਾਂ ਸਾਲ 2026 - ਆਤਮ-ਨਿਰੀਖਣ ਤੋਂ ਸੁਧਾਰ ਤੱਕ - ਨਾ ਸਿਰਫ਼ ਭਾਰਤ ਲਈ ਵਿਕਾਸ ਦਾ ਸਾਲ ਹੋਣਾ ਚਾਹੀਦਾ ਹੈ, ਸਗੋਂ ਸ਼ਾਸਨ ਦੀ ਗੁਣਵੱਤਾ ਵਿੱਚ ਸੁਧਾਰ ਦਾ ਵੀ ਸਾਲ ਹੋਣਾ ਚਾਹੀਦਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਆਪਣੀਆਂ ਕਮੀਆਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ, ਮੁਫ਼ਤ ਚੀਜ਼ਾਂ ਦੇ ਸੱਭਿਆਚਾਰ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ, ਅਯੋਗ ਲਾਭਪਾਤਰੀਆਂ ਨੂੰ ਰੋਕਣਾ ਚਾਹੀਦਾ ਹੈ, ਅਤੇ ਸਰਕਾਰੀ ਵਿਸ਼ੇਸ਼ ਅਧਿਕਾਰਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ, ਅਤੇ ਇੱਕ ਸੰਤੁਲਿਤ, ਬਰਾਬਰੀ ਵਾਲੇ ਅਤੇ ਜਵਾਬਦੇਹ ਸ਼ਾਸਨ ਮਾਡਲ ਵੱਲ ਵਧਣਾ ਚਾਹੀਦਾ ਹੈ। ਇਹ ਉਹ ਰਸਤਾ ਹੈ ਜੋ ਭਾਰਤ ਨੂੰ ਨਾ ਸਿਰਫ਼ ਇੱਕ ਮਜ਼ਬੂਤ ਅਰਥਵਿਵਸਥਾ ਵਿੱਚ ਬਦਲ ਸਕਦਾ ਹੈ, ਸਗੋਂ ਵਿਸ਼ਵ ਪੱਧਰ 'ਤੇ ਇੱਕ ਮਾਡਲ ਲੋਕਤੰਤਰ ਵਿੱਚ ਵੀ ਬਦਲ ਸਕਦਾ ਹੈ।







# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital
DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# TAKE CONTROL OF YOUR HEALTH!

## PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।




# ਸਿੱਖਿਆ ਕ੍ਰਾਂਤੀ ਨੂੰ ਲੱਗਾ ਗ੍ਰਹਿਣ
# ਐੱਸਓਈ ਦੀ ਭਰੋਸੇਯੋਗਤਾ 'ਤੇ ਖੜ੍ਹੇ ਹੋਏ ਸਵਾਲ!

ਪੰਜਾਬ ਚ 2022 ਚ ਭਗਵੰਤ ਮਾਨ ਦੀ ਅਗਵਾਹੀ ਵਾਲੀ ਸੂਬਾ ਸਰਕਾਰ ਦੇ ਹੋਂਦ ਚ ਆਉਣ ਮਗਰੋਂ ਸਿੱਖਿਆ ਦੇ ਖੇਤਰ ਚ ਨਵੀਆਂ ਪੁਲਾਂਘਾਂ ਪੁੱਟਣ ਦੇ ਉਦੇਸ਼ ਨਾਲ ਸੂਬੇ ਭਰ ਦੇ 23 ਜ਼ਿਲ੍ਹਿਆਂ ਚ 128 ਐੱਸਓਈ (ਸਕੂਲ ਆਫ਼ ਐਮੀਨੈਂਸ) ਖੋਲ੍ਹਣ ਦਾ ਨਿਰਣਾ ਲੈਂਦੇ ਹੋਏ ਇਹ ਸਕੂਲ ਖੋਲ੍ਹਣ ਦੀ ਸ਼ੁਰੂਆਤ ਕੀਤੀ ਗਈ। ਇਹ ਸਕੂਲ ਖੋਲ੍ਹੇ ਜਾਣ ਦਾ ਮੁੱਖ ਉਦੇਸ਼ ਸਿੱਖਿਆ ਦਾ ਪੱਧਰ ਉੱਚਾ ਚੁੱਕਣਾ ਸੀ। ਜਿਸ ਵਾਸਤੇ ਸਕੂਲਾਂ ਨੂੰ ਹਾਈਟੈੱਕ ਸਹੂਲਤਾਂ ਪ੍ਰਦਾਨ ਕਰਕੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆਦਿੱਤੀ ਜਾ ਸਕੇ। ਥੋੜੇ ਸਮੇਂ ਪਿੱਛੋਂ ਸਰਕਾਰ ਦੇ ਇਨਾਂ ਯਤਨਾਂ ਦੇ ਚੰਗੇ ਨਤੀਜੇ ਵੀ ਸਾਹਮਣੇ ਆਉਣ ਲੱਗੇ ।ਇਸ ਤੋਂ ਇਲਾਵਾ ਇਹ ਸਕੂਲ ਖੋਲ੍ਹ ਕੇ ਜਿੱਥੇ ਸਰਕਾਰ ਨੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਉੱਥੇ ਇਸ ਤੋਂ ਇੱਕ ਕਦਮ ਅੱਗੇ ਵਧਦੇ ਹੋਏ ਸਿੱਖਿਆ ਕ੍ਰਾਂਤੀ ਦਾ ਆਗਾਜ਼ ਵੀ ਕੀਤਾ ਗਿਆ।

ਪਰ ਹੁਣ ਸਰਕਾਰ ਦੀ ਸਿੱਖਿਆ ਕ੍ਰਾਂਤੀ ਨੂੰ ਗ੍ਰਹਿਣ ਲੱਗਦਾ ਜਾਪਦਾ ਹੈ ।ਕਿਉਂਕਿ ਪਿਛਲੇ ਕੁੱਝ ਦਿਨਾਂ ਤੋਂ ਪੰਜਾਬ ਦੇ ਐੱਸਓਈ ਨਾਂ ਹੇਠ ਚੱਲ ਰਹੇ ਸਰਕਾਰੀ ਸਕੂਲਾਂ ਦੇ ਦੋ ਪ੍ਰਿੰਸੀਪਲਾਂ ਵੱਲੋਂ ਮਨਮਾਨੀਆਂ ਕਰਨ ਦੀਆਂ ਘਟਨਾਵਾਂ ਬਾਰੇ ਸੋਸ਼ਲ ਮੀਡੀਆ ਉੱਤੇ ਵੀਡੀਓ ਵਾਇਰਲ ਹੋ ਰਹੀਆਂ ਹਨ। ਜਿਨਾਂ ਨਾਲ ਸਿੱਖਿਆ ਕ੍ਰਾਂਤੀ ਨੂੰ ਗ੍ਰਹਿਣ ਲੱਗਦਾ ਜਾਪਦਾ ਹੈ। ਵਾਇਰਲ ਹੋਈਆਂ ਇਹ ਵੀਡੀਓ ਨਾ ਕੇਵਲ ਸਿੱਖਿਆ ਵਿਭਾਗ ਲਈ ਇੱਕ ਚੁਣੌਤੀ ਹਨ,ਸਗੋਂ ਸਾਡੇ ਸਮਾਜ ਲਈ ਵੀ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ।ਜਿਸ ਉੱਤੇ ਗਹਿਰਾਹੀ ਵਿਚਾਰ ਚਰਚਾ ਦੀ ਜਰੂਰਤ ਹੈ।

ਵਾਇਰਲ ਹੋਈਆਂ ਇਨਾਂ ਵੀਡੀਓ ਚ ਪਹਿਲੀ ਘਟਨਾ ਖੰਨੇ ਦੀ ਹੈ।ਜਿੱਥੇ ਖੰਨਾ ਦੇ ਸਕੂਲ ਆਫ਼ ਐਮੀਨੈਂਸ (ਗਰਲਜ਼) ਦੇ ਪ੍ਰਿੰਸੀਪਲ ਵੱਲੋਂ ਟ੍ਰਿਪ ਦੌਰਾਨ ਦੇਰ ਰਾਤ ਕੁਝ ਮਹਿਲਾ ਅਧਿਆਪਕਾਂ ਨਾਲ ਇਕ ਢਾਬੇ ਉੱਤੇ ਲੱਚਰ ਗਾਣੇ ਉੱਤੇ ਡਾਂਸ ਕਰਨ ਦੀ ਵੀਡੀਓ ਵਾਇਰਲ ਹੋਣ ਦਾ ਮਾਮਲਾ ਸਾਹਮਣੇ ਆਇਆ ਸੀ। ਜਿਸ ਨਾਲ ਸਿੱਖਿਆ ਵਿਭਾਗ ਦੀ ਨਾ ਕੇਵਲ ਬਦਨਾਮੀ ਹੀ ਹੋਈ ਹੈ,ਸਗੋਂ ਇਸ ਨਾਲ ਸਿੱਖਿਆ ਵਿਭਾਗ ਦਾ ਅਕਸ ਵੀ ਧੁੰਦਲਾ ਹੋਇਆ ਹੈ।ਦੂਜੀ ਘਟਨਾ ਫਰੀਦਕੋਟ ਦੇ ਸਕੂਲ ਆਫ਼ ਐਮੀਨੈਂਸ ਦੀ ਹੈ। ਜਿੱਥੇ ਸਕੂਲ ਪ੍ਰਿੰਸੀਪਲ ਵੱਲੋਂ ਅਧਿਆਪਕਾਂਵਾਂ ਨਾਲ ਗੈਰ ਢੰਗ ਤਰੀਕੇ ਨਾਲ ਪੇਸ਼ ਆਉਣ ਅਤੇ ਉਨਾਂ ਨੂੰ ਬੇਵਜਾ ਤੰਗ ਪਰੇਸ਼ਾਨ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਨੂੰ ਲੈ ਕੇ ਇਸ ਸਕੂਲ ਦੇ 40 ਦੇ ਕਰੀਬ ਅਧਿਆਪਕਾਂ ਵੱਲੋਂ ਪ੍ਰਿੰਸੀਪਲ ਖਿਲਾਫ ਮੋਰਚਾ ਖੋਲ੍ਹਦੇ ਹੋਏ ਸਕੂਲ ਚ ਧਰਨਾ ਮਾਰਿਆ ਗਿਆ ।ਵਾਇਰਲ ਵੀਡੀਓ ਚ ਮਹਿਲਾ ਅਧਿਆਕਾਵਾਂ ਵੱਲੋਂ ਸਕੂਲ ਦੇ ਕੈਂਪਸ ਮੈਨੇਜਰ ਉੱਤੇ ਵੀ ਗੰਭੀਰ ਇਲਜ਼ਾਮ ਲਾਉਂਦੇ ਹੋਏ ਆਖਿਆ ਜਾ ਰਿਹਾ ਹੈ ਕੇ ਉਹ ਮਹਿਲਾ ਅਧਿਆਪਕਾਂ ਵੱਲੋਂ ਬਾਥ ਰੂਮ ਜਾਣ ਆਉਣ ਸਮੇਂ ਟਾਈਮ ਨੋਟ ਕਰਦਾ ਹੈ ਕੇ ਅਧਿਆਪਕਾਵਾਂ ਬਾਥ ਰੂਮ ਚ ਕਿੰਨਾ ਟਾਈਮ ਲਾਉਂਦੀਆਂ ਹਨ? ਮਹਿਲਾ ਅਧਿਆਪਕਾਂ ਦਾ ਕਹਿਣਾ ਹੈ ਕਿ ਔਰਤਾਂ ਨੂੰ ਪੀਰੀਅਡ ਵਗੈਰਾ ਵਰਗੀਆਂ ਕਈ ਤਰਾਂ ਦੀਆਂ ਪ੍ਰੋਬਲਮ ਹੁੰਦੀਆਂ ਹਨ। ਜਿਸ ਕਰਕੇ ਬਾਥਰੂਮ ਚ ਕੁਝ ਵਕਤ ਲੱਗ ਸਕਦਾ ਹੈ।ਇਸ ਲਈ ਸਕੂਲ ਮੈਨੇਜਰ ਵੱਲੋਂ ਮਹਿਲਾ ਅਧਿਆਪਕਾਂ ਦੇ ਬਾਥਰੂਮ ਜਾਣ ਆਉਣ ਦਾ ਟਾਈਮ ਨੋਟ ਕਰਨਾ ਕਿਸੇ ਤਰਾਂ ਵੀ ਠੀਕ ਨਹੀਂ ਹੈ ਤੇ ਨਾ ਹੀ ਇਹ ਉਸਦੇ ਅਧਿਕਾਰ ਖੇਤਰ ਚ ਹੈ। ਉਨਾਂ ਦਾ ਕਹਿਣਾ ਹੈ ਕੇ ਸਕੂਲ ਮੈਨੇਜਰ ਅਜਿਹਾ ਸਭ ਕੁਝ ਪ੍ਰਿੰਸੀਪਲ ਦੇ ਕਹਿਣ ਉੱਤੇ ਕਰਦਾ ਹੈ।ਸਕੂਲ ਅਧਿਆਪਕਾਂ ਦਾ ਇਹ ਵੀ ਕਹਿਣਾ ਹੈ ਕਿ ਜਦੋ ਉਹ ਆਪਣੀ ਕੋਈ ਮੁਸ਼ਕਲ ਲੈ ਕੇ ਪ੍ਰਿੰਸੀਪਲ ਕੋਲ ਦਫ਼ਤਰ ਜਾਂਦੇ ਹਨ ਤਾਂ ਉਹ ਅਗੋ ਕਹਿੰਦੇ ਹੈ ਕੇ ਤੁਸੀਂ ਕਿਸ ਤੋਂ ਪੁੱਛ ਕਿ ਅੰਦਰ ਆਏ ਹੋ?ਸੋ ਇਸ ਤਰਾਂ ਇਨਾਂ ਪ੍ਰਿੰਸੀਪਲਾਂ ਦੀਆਂ ਮਨਮਾਨੀਆਂ ਕਰਨ ਦੀਆਂ ਵਾਇਰਲ ਵੀਡੀਓ ਕਈ ਤਰਾਂ ਦੇ ਸਵਾਲ ਖੜੇ ਕਰਦੀਆਂ ਹਨ।ਖ਼ਾਸਕਰ ਇਹ ਵੀਡੀਓ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਸਿੱਖਿਆ ਕ੍ਰਾਂਤੀ ਨੂੰ ਗ੍ਰਹਿਣ ਲਾਉਂਦੀਆਂ ਵਿਖਾਈ ਦਿੰਦਿਆਂ ਹਨ।

ਖੰਨਾ ਸਕੂਲ ਦੇ ਪ੍ਰਿੰਸੀਪਲ ਦਾ ਮਹਿਲਾ ਅਧਿਆਪਕਾਵਾਂ ਨਾਲ ਲੱਚਰ ਗਾਣੇ ਉੱਤੇ ਸਕੂਲ ਦੇ ਮੁੰਡਿਆਂ ਕੁੜੀਆਂ ਸਾਹਮਣੇ ਡਾਂਸ ਕਰਨਾ ਅਤੇ ਫਰੀਦਕੋਟ ਸਕੂਲ ਦੇ ਧਰਨੇ ਦੀ ਵੀਡੀਓ ਨਾਲ ਸਿੱਖਿਆ ਵਿਭਾਗ ਦੇ ਸਕੂਲ ਆਫ਼ ਐਮੀਨੈਂਸ ਚ ਕੰਮ ਕਰਦੇ ਪ੍ਰਿੰਸੀਪਲ ਲੋਕਾਂ ਦੇ ਕਟਹਿਰੇ ਚ ਖੜੇ ਨਜ਼ਰ ਆਉਂਦੇ ਹਨ। ਵਾਇਰਲ ਹੋਈਆਂ ਦੋਂਵਾਂ ਵੀਡੀਓ ਚ ਜੋ ਤੱਥ ਸਾਹਮਣੇ ਨਜ਼ਰ ਆਉਂਦੇ ਹਨ ਉਸ ਹਨ ਉਕਤ ਪ੍ਰਿੰਸੀਪਲਾਂ ਵੱਲੋਂ ਰੱਜ ਕੇ ਕੀਤੀਆਂ ਜਾ ਰਹੀਆਂ ਮਨਮਾਨੀਆਂ, ਜੋ ਪੰਜਾਬ ਦੇ ਸਕੂਲ ਆਫ਼ ਐਮੀਨੈਂਸ ਦੀ ਭਰੋਸੇਯੋਗਤਾ ਉੱਤੇ ਸਵਾਲ ਖੜੇ ਕਰਦੀਆਂ ਹਨ।ਸਵਾਲ ਇਹ ਵੀ ਖੜਾ ਹੁੰਦਾ ਹੈ ਕਿ ਵੀਡੀਓ ਵਾਇਰਲ ਹੋਣ ਦੇ ਬਾਵਜੂਦ ਸੂਬੇ ਦੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਪਤਾ ਨਹੀਂ ਕਿਸ ਕੁੰਭਕਰਨੀ ਨੀਂਦ ਸੁੱਤੇ ਪਏ ਹਨ ਕਿ ਉਨਾਂ ਨੂੰ ਇਹ ਵੀਡੀਓ ਅਜੇ ਤੱਕ ਵਿਖਾਈ ਨਹੀਂ ਦਿੱਤੀਆਂ।ਜਦੋਂ ਕੇ ਸਰਕਾਰ ਵੱਲੋਂ ਨਿੱਤ ਦਿਹਾੜੇ ਸਿੱਖਿਆ ਕ੍ਰਾਂਤੀ ਦੀਆਂ ਵੱਡੀਆ ਵੱਡੀਆਂ ਟਾਹਰਾਂ ਮਾਰੀਆਂ ਜਾ ਰਹੀਆਂ ਹਨ।ਸਕੂਲ ਆਫ਼ ਐਮੀਨੈਂਸ ਦੇ ਦੋ ਪ੍ਰਿੰਸੀਪਲਾਂ ਦੀਆਂ ਇਹ ਮਨਮਾਨੀਆਂ ਸਰਕਾਰ ਦਾ ਮੂੰਹ ਚਿੜਾਉਂਦੀਆਂ ਹੋਈਆਂ ਸਵਾਲ ਖੜਾ ਕਰਦੀਆਂ ਹਨ ਕੇ ਇਹੋ ਹੈ ਸਿੱਖਿਆ ਕ੍ਰਾਂਤੀ ? ਕੀ ਇਹੋ ਹੈ ਦਿੱਲੀ ਦਾ ਸਿੱਖਿਆ ਮਾਡਲ ? ਕੀ ਇਹੋ ਜੇਹੇ ਹਨ ਪੰਜਾਬ ਦੇ ਐਮੀਨੈਂਸ ਸਕੂਲ ? ਜਿਨਾਂ ਬਾਰੇ ਸਰਕਾਰ ਦਮਗਜੇ ਮਾਰਦੀ ਨਹੀਂ ਥੱਕਦੀ ।ਜਿੱਥੇ ਗੈਰ ਜ਼ਿੰਮੇਵਾਰ ਪ੍ਰਿੰਸੀਪਲ ਸਿੱਖਿਆ ਕ੍ਰਾਂਤੀ ਦੀਆਂ ਸ਼ਰੇਆਮ ਧੱਜੀਆਂ ਉਡਾਇਆ ਰਹੇ ਹਨ ਤੇ ਸਰਕਾਰ ਤੇ ਵਿਭਾਗ ਦੇ ਉੱਚ ਅਧਿਕਾਰੀ ਬਾਂਹ ਤੇ ਬਾਂਹ ਧਰੀ ਬੈਠੇ ਸਭ ਕੁੱਝ ਵੇਖ ਰਹੇ ਹਨ।

ਸੋ ਪੰਜਾਬ ਸਰਕਾਰ ਨੂੰ ਅਜਿਹੇ ਪ੍ਰਿੰਸੀਪਲਾਂ ਦੀਆਂ ਆਪ ਹੁਦਰੀਆਂ ਕਰਵਾਈਆਂ ਨੂੰ ਤੁਰਤ ਨੱਥ ਪਾਉਣ ਦੀ ਲੋੜ ਹੈ ਤਾਂ ਜੋ ਸੂਬਾ ਸਰਕਾਰ ਵੱਲੋਂ ਚਲਾਈ ਜਾ ਰਹੀ ਸਿੱਖਿਆ ਕ੍ਰਾਂਤੀ ਨੂੰ ਢਾਹ ਨਾ ਲੱਗ ਸਕੇ ਤੇ ਸਕੂਲ ਆਫ਼ ਐਮੀਨੈਂਸ ਦੀ ਸਾਖ ਖਰਾਬ ਨਾ ਹੋਵੇ। ਇਸ ਲਈ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ,ਮਾਣਯੋਗ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਅਤੇ ਮਾਣਯੋਗ ਸਿੱਖਿਆ ਸਕੱਤਰ ਸ੍ਰੀਮਤੀ ਅਨਿੰਦਿਤਾ ਮਿੱਤਰਾ ਨੂੰ ਉਕਤ ਦੋਵੇਂ ਪ੍ਰਿੰਸੀਪਲਾਂ ਦਾ ਤੁਰਤ ਤਬਾਦਲਾ ਕਰਕੇ ਵਾਇਰਲ ਹੋਈਆਂ ਦੋਂਵੇ ਵੀਡੀਓ ਦੀ ਉੱਚ ਪੱਧਰੀ ਜਾਂਚ ਕਰਵਾਉਣੀ ਚਾਹੀਦੀ ਹੈ ਤਾਂ ਜੋ ਵਿਦਿਅਕ ਮਾਹੌਲ ਖਰਾਬ ਹੋਣ ਤੋਂ ਬਚਾਇਆ ਜਾ ਸਕੇ ਤੇ ਵਿਦਿਆਰਥੀਆਂ ਤੇ ਮਾਪਿਆਂ ਤੱਕ ਇੱਕ ਚੰਗਾ ਸੁਨੇਹਾ ਜਾਵੇ ਤੇ ਸਮਾਜ ਚ ਸਰਕਾਰ ਦਾ ਅਕਸ ਧੁੰਦਲਾ ਨਾ ਹੋਵੇ।




ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


Pal Films
Production
All Your Photo/Videography &
Post Production needs Under One Roof
PF
RED PRO 5.0
RED
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# ਨਵੀਆਂ ਉਮੀਦਾਂ ਨਵੇਂ ਖ਼ਿਆਲ

ਨਵੀਆਂ ਉਮੀਦਾਂ ਨਵੇਂ ਖ਼ਿਆਲ।
ਸ਼ਾਲਾ ! ਆਵੇ ਵਧੀਆ ਸਾਲ।
ਟਲ ਜਾਵੇਗਾ ਸਿਰ ਤੋਂ ਕਾਲ਼।
ਸਭ ਦਾ ਰਾਖਾ ਸ਼੍ਰੀ ਗੋਪਾਲ।
ਖੇੜੇ ਖ਼ੁਸ਼ੀਆਂ ਨਾਲ਼ੋ-ਨਾਲ਼।
ਕਰੀਏ ਮਿਹਨਤ ਮਿਟੇ ਕੰਗਾਲ।
ਕਰਜ਼ੇ ਦਾ ਮਿਟ ਜਾਊ ਜੰਜਾਲ।
ਇੱਕ ਦਿਨ ਪੈਣੀ ਥਾਇੰ ਘਾਲ।
ਖ਼ੁਸ਼ ਰਹਿਣਾ ਹੈ ਹੁਣ ਹਰ ਹਾਲ।
ਭਾਵੇਂ ਖਾਈਏ ਰੋਟੀ-ਦਾਲ਼।
ਹੋਵੇ ਜੇ ਮਾਲਕ ਦੀ ਢਾਲ਼।
ਹੋ ਨਾ ਸਕਦਾ ਵਿੰਗਾ ਵਾਲ਼।
ਕਾਹਤੋਂ ਹੋਇਆ ਫਿਰੇਂ ਨਿਢਾਲ।
ਹੱਥੀਂ ਕਰਨੀ ਰਿਜ਼ਕ ਦੀ ਭਾਲ਼।
ਨੇਰੇ ਵਿੱਚ ਦੀਵੇ ਨੂੰ ਬਾਲ਼।
ਅੱਗੇ ਤੁਰੀਏ ਚੁੱਕ ਮਸ਼ਾਲ।
ਬੀਤ ਗਿਆ ਜੋ ਉਹਨੂੰ ਟਾਲ਼।
ਆਉਣ ਵਾਲੇ ਦੀ ਕਰੋ ਸੰਭਾਲ਼।



ਸਾਂਝੀ ਸੋਚ
ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

# ਸਮਾਂ

ਸਮੇਂ ਦੀ ਨਿਰੰਤਰ ਚਾਲ ਨਾ ਕਦੇ ਇਹ ਰੁੱਕਦੀ
ਸਮਾਂ ਬੀਤਦਾ ਲੇਖਾ ਦੀ ਸਿਆਹੀ ਨਾ ਸੁੱਕਦੀ।
ਜੀਵਨ ਪੰਧ ਤੇ ਵਕਤ ਦਾ ਪੱਕਾ ਪਹਿਰਾ
ਦੁੱਖ ਸੁੱਖ ਦਾ ਸਮੇਂ ਨਾਲ ਹੁੰਦਾ ਮੋਹ ਗਹਿਰਾ॥
ਨਾ ਰਾਜਿਆਂ ਮਹਾਰਾਜਿਆਂ ਨੇ ਵਕਤ ਬੰਨਿਆਂ
ਨਾ ਰੰਕਾਂ ਨੇ ਕਾਲ ਰੂਪ ਸਮੇਂ ਦਾ ਗੜ੍ਹ ਭੰਨਿਆਂ।
ਹਰ ਪਦਾਰਥ ਦੀ ਉਤਪਤੀ ਦਾ ਸਮਾਂ ਹੈ ਤੈਅ
ਮੌਤ ਦੀ ਤਾਲ ਦੀ ਸਮੇਂ ਨਾਲ ਹੁੰਦੀ ਪੂਰੀ ਲੈਅ॥
ਸਮੇਂ ਨੇ ਦੁਸ਼ਮਣਾਂ ਨੂੰ ਧੁਰ ਦਰਗਾਹ ਪਹੁੰਚਾਇਆ
ਸੱਜਣਾਂ ਦੇ ਜੀਵਨ ਦਾ ਬਲਦਾ ਦੀਪਕ ਬੁਝਾਇਆ।
ਸਮੇਂ ਨੇ ਸਮੇਂ ਨੂੰ ਨੂੜ ਆਪਣਾ ਦਾਸ ਬਣਾਇਆ
ਸਮੇਂ ਦੇ ਗਰਭ ਵਿੱਚ ਆਦਿ ਅੰਤ ਦਾ ਸਮਾਂ ਸਮਾਇਆ॥
ਘੜੀਆਂ ਬੀਤਦੀਆਂ ਦਿਨ ਬਣ ਗਈਆਂ ਬੀਤ
ਦਿਨ ਬਣੇ ਹਫ਼ਤੇ, ਹਫ਼ਤੇ ਮਹੀਨੇ ਮੁੜ ਇਹੀ ਰੀਤ।
ਮਹੀਨਿਆਂ ਦੇ ੧੨ ਅੰਕਾਂ ਨਾਲ ਬਣੇ ਧਰਤ ਦਾ ਸਾਲ
ਵੇਲਾ ਸਾਂਭ ਕਰ ਬੰਦਗੀ ਚੜ੍ਹਦਾ ਆਉਂਦਾ ਕਾਲ॥



SANJHI SOCH
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

LARRY T. NIERMEYER
Attorney at Law

OFFERING SERVICES IN THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation


PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

SANJHI SOCH TV & DAILY NEWSPAPER



TO EXPAND YOUR BUSINESS IN INDIAN COMMUNITY

Through Newspaper & T.V, Advertise with us just as low as **$100 PER MONTH.**

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com | Sanjhi Soch TV NRI

SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260